RNI Registration No: PUNPUN/2015/61118

SO KAHIYAT HAI SOORA (MONTHLY)
Volume 10 Issue 12
December 2024, S.A.S. Nagar (Mohali)

ਦਸੰਬਰ ੨੦੨੪
ਮੱਘਰ-ਪੋਹ
੫੫੬ ਨਾਨਕਸ਼ਾਹੀ
₹20

# ਸੋ ਕਹੀਅਤ ਹੈ ਸੂਰਾ

## ਗੁਰਬਾਣੀ ਦੀ ਪਾਰਸ-ਕਲਾ

# ਸਰਬ ਰੋਗ ਕਾ ਅਉਖਦੁ ਨਾਮੁ

ਹੁਣ ਤੁਸੀਂ 'ਸੋ ਕਹੀਅਤ ਹੈ ਸੂਰਾ' ਲਈ ਚੰਦਾ ਅਤੇ ਮਾਇਕ ਸਹਾਇਤਾ ਬੈਂਕ ਜ਼ਰੀਏ ਵੀ ਭੇਜ ਸਕਦੇ ਹੋ।

ਬੈਂਕ ਅਕਾਊਂਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | |
|---|---|
| Name of Account: | SO KAHIYAT HAI SOORA |
| Name of Bank: | Bank of Baroda |
| Branch: | Sector 59, Mohali. (Punjab) |
| Account No: | 36770200000150 |
| Swift Code: | BARBINBBCHD |
| IFSC Code: | BARB0SECMOH |

## ਚੰਦੇ ਪ੍ਰਤੀ ਬੇਨਤੀ

'ਸੋ ਕਹੀਅਤ ਹੈ ਸੂਰਾ' ਦੇ ਪਾਠਕ ਜਨਾਂ ਅਤੇ ਸਮੁੱਚੀਆਂ ਸੰਗਤਾਂ/ ਸਹਿਯੋਗੀਆਂ ਦੇ ਅਸੀਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਤੁਹਾਡਾ ਆਪਣਾ ਗੁਰਮਤਿ ਮਾਸਿਕ ਪੱਤਰ ਸ਼ਫਲਤਾ ਦੇ ਨਾਲ ਚੱਲ ਰਿਹਾ ਹੈ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਸਾਲਾਨਾ ਚੰਦੇ ਖ਼ਤਮ ਹੋ ਗਏ ਹਨ, ਕਿਰਪਾ ਕਰਕੇ ਸਾਲਾਨਾ ਸਮਾਗਮਾਂ ਮੌਕੇ ਜਾਂ ਆਪਣੇ ਨੇੜਲੇ ਸਾਡੇ ਪ੍ਰਤੀਨਿਧ/ ਸਾਡੇ ਮੁੱਖ ਦਫ਼ਤਰ ਵਿਚ/ ਬੈਂਕ ਖ਼ਾਤੇ ਵਿਚ ਚੰਦਿਆਂ ਦੀ ਮਾਇਆ ਭੇਜਣ ਦੀ ਕਿਰਪਾਲਤਾ ਕਰਨੀ। ਇਸ ਦੇ ਨਾਲ ਹੀ ਬੈਂਕ ਅਕਾਊਂਟ 'ਚ ਜੇਕਰ ਆਪ ਚੰਦਿਆਂ ਦੀ ਮਾਇਆ ਭੇਜਦੇ ਹੋ ਤਾਂ ਇਸ ਤੋਂ ਬਾਅਦ ਫ਼ੋਨ ਨੰਬਰ : 93577-23874 'ਤੇ ਫ਼ੋਨ ਕਰਕੇ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕਰਨੀ ਜੀ।

'ਸੋ ਕਹੀਅਤ ਹੈ ਸੂਰਾ' ਨਾਲ ਸੰਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਨੂੰ ਤੁਸੀਂ ਸਾਡੇ ਵਟਸਐਪ ਨੰਬਰ : +91-93577-23874 'ਤੇ ਭੇਜ ਸਕਦੇ ਹੋ।

**See Online Edition :**

**www.akjmagazine.com**

**www.facebook.com/skhsoora**

ਹੁਣ 'ਸੋ ਕਹੀਅਤ ਹੈ ਸੂਰਾ' ਤੁਸੀਂ ਅਖੰਡ ਕੀਰਤਨੀ ਜਥੇ ਦੀ ਅਧਿਕਾਰਤ ਵੈੱਬਸਾਈਟ www.akj.org 'ਤੇ ਵੀ ਪੜ੍ਹ ਸਕਦੇ ਹੋ।




## ਅਉਗੁਣ ਨ ਚਿਤਾਰੋ-

ਅਸੀਂ ਅਲਪੱਗ ਹਾਂ। ਭੁੱਲਾਂ ਅਸਾਡੇ ਸਾਰਿਆਂ ਵਿਚ ਹੀ ਹਨ-

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥... ॥੮ ॥੧੨ ॥

(ਸਿਰੀਰਾਗੁ ਮ. ੧, ਪੰਨਾ : ੬੧)

ਤਥਾ- ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥... ॥੮ ॥੪ ॥

(ਪ੍ਰਭਾਤੀ ਮ. ੧, ਪੰਨਾ : ੧੩੪੪)

ਗੁਰਵਾਕਾਂ ਅਨੁਸਾਰ ਗੁਰੂ ਕਰਤਾਰ ਤੋਂ ਛੁੱਟ ਅਸੀਂ ਸੱਭੇ ਹੀ ਭੁਲਣਹਾਰ ਹਾਂ। ਫੇਰ ਕਿਸੇ ਦੇ ਅਵਗੁਣ ਕਾਸਨੂੰ ਚਿਤਾਰੀਏ ? ਆਉ ਸਭਸ ਦੇ ਗੁਣ-ਚਿਤਾਰੀ-ਵਾਸ-ਭੰਵਰੇ ਹੀ ਬਣੀਏ। ਸਾਨੂੰ ਤਾਂ ਰਹਿ ਰਹਿ ਕੇ ਅਸਾਡੀ ਪੰਥ-ਫੁਲਵਾੜੀ ਦੇ ਫੁੱਲਾਂ ਦੀ ਮਹਿਕ ਹੀ ਮਹਿਕ ਚੇਤੇ ਆ ਰਹੀ ਹੈ। ਸਭ ਤੋਂ ਪਹਿਲੇ ਅਸਾਡੇ ਪੁਰਾਤਨੀ ਕਮਲ ਕਮਾਲ ਭੰਵਰੇ ਸਰਦਾਰ ਹਰਚੰਦ ਸਿੰਘ ਜੀ ਲਾਇਲਪੁਰੀ ਅਸਾਡੀ ਪ੍ਰੀਤ-ਯਾਦਗਾਰੀ ਸਫ ਵਿਚ ਆਇ ਸਸ਼ੋਭਤ ਹੋਏ ਹਨ। ੧੯੧੪ ਤੋਂ ਪਹਿਲਾਂ ਨਵ-ਜਾਗ੍ਰਤੀ-ਲਹਿਰ ਦਾ ਤੋਰਾ ਓਦੋਂ ਹੀ ਅਤੇ ਉਹਨਾਂ ਤੋਂ ਹੀ ਤੁਰਿਆ। ਅਸਾਨੂੰ ਤਾਂ ਉਹਨਾਂ ਦੀ ਕੁਰਬਾਨੀ ਹੀ ਕੁਰਬਾਨੀ ਚੇਤੇ ਹੈ। ਦਿਲ-ਜਾਨੀਆਂ ਦੀਆਂ ਦਿਲਜਾਨੀਆਂ ਹੀ ਚੇਤੇ ਹੋਣੀਆਂ ਹੋਈਆਂ। ਓਸੇ ਸਫ਼ ਵਿਚ ਆਣ ਬੈਠੇ ਓਦੋਂ ਦੇ ਹੀ ਉਨ੍ਹਾਂ ਦੇ ਨਾਲ ਲਗਵੇਂ ਅਤੇ ਅਸਾਡੇ ਸੰਗੀ ਸਾਥੀ ਗੁਰਦਵਾਰਾ ਰਕਾਬ ਗੰਜ ਐਜੀਟੇਸ਼ਨ ਦੇ ਸਾਂਝੀਵਾਲਾਂ ਵਿਚੋਂ ਪੁਰਾਤਨ ਪੰਥ ਦਰਦੀ ਅਸਾਡੇ ਨਵਤਨ ਬਾਲੜੇ ਬੀਰ ਵੀਰ ਤਾਰਾ ਸਿੰਘ ਜੀ (ਮਾਸਟਰ), ਜੋ ਉਦੋਂ ਤੋਂ ਭੀ ਦੋ ਚਾਰ ਸਾਲ ਪਹਿਲਾਂ ਦੇ ਹੀ ਲਗਾਤਾਰ ਹੁਣ ਤਕ ਹਮਾ-ਤਨ ਹੋਇ ਪੰਥ ਸੇਵਾ ਦੀਆਂ ਘਾਲਾਂ ਘਾਲ ਰਹੇ ਹਨ। ਸਾਨੂੰ ਇਸ ਵੀਰ ਦੀ ਅਥੱਕ ਕੁਰਬਾਨੀ ਹੀ ਕੁਰਬਾਨੀ ਚੇਤੇ ਆ ਰਹੀ ਹੈ ਅਤੇ ਅਸਾਡੇ ਹਿਰਦਿਆਂ ਵਿਚ ਇਸ ਕੁਰਬਾਨੀ ਦਾ ਅਤੁਟ ਸਨਮਾਨ ਜਮਾਇ ਰਹਿਆ ਹੈ।

**SO KAHIYAT HAI SOORA**
(Monthly)

**RNI NO: PUNPUN/2015/61118**

Volume 10 Issue 12



### ਸਰਪ੍ਰਸਤ

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।**

### ਕਾਰਜਕਾਰੀ ਸੰਪਾਦਕ

**ਭਾਈ ਮਨਵੀਰ ਸਿੰਘ**

### ਕਾਨੂੰਨੀ ਸਲਾਹਕਾਰ

**ਐਡਵੋਕੇਟ ਭਾਈ ਅਮਰਜੀਤ ਸਿੰਘ ਅੰਮ੍ਰਿਤਸਰ**

### ਸਲਾਹਕਾਰ ਬੋਰਡ

**ਭਾਈ ਹਰਦਿਆਲ ਸਿੰਘ ਗੁਰਦਾਸਪੁਰ,**
**ਭਾਈ ਭੁਪਿੰਦਰ ਸਿੰਘ ਅੰਮ੍ਰਿਤਸਰ,**
**ਭਾਈ ਹਰਮੋਹਿੰਦਰਪਾਲ ਸਿੰਘ ਮੋਹਾਲੀ,**
**ਭਾਈ ਇੰਦਰਜੀਤ ਸਿੰਘ ਵੈਨਕੂਵਰ।**



ਮੁੱਖ ਦਫ਼ਤਰ
**ਮਕਾਨ ਨੰਬਰ : 532, ਫੇਜ਼-3ਬੀ1, ਐੱਸ. ਏ.ਐੱਸ. ਨਗਰ, (ਮੋਹਾਲੀ)**
**ਪਿੰਨ : 160059**
**ਫ਼ੋਨ ਨੰਬਰ : 93177-53202**
**e-mail : akjmagzine@yahoo.com**



Printed & published by Satinder Pal Singh on behalf of Satinder Pal Singh, Printed at Majestic Printing Press Bay Shop No.7, Near Chawla Nursing Home Phase 7, S.A.S. Nagar Mohali and published from H. No 532, Phase-3B1, S.A.S. Nagar, Mohali.
EDITOR: TALWINDER SINGH BUTTAR


# ਸੰਪਾਦਕੀ

## ਸ਼ਹੀਦੀਆਂ ਦਾ ਮਹੀਨਾ...

ਦਸੰਬਰ ਮਹੀਨੇ ਨੂੰ ਸਿੱਖ ਇਤਿਹਾਸ ਵਿਚ ਸ਼ਹਾਦਤਾਂ ਦਾ ਅਨੋਖਾ ਰੁਤਬਾ ਹਾਸਲ ਹੈ। ਇਸ ਮਹੀਨੇ ਸਾਹਿਬ-ਏ-ਕਮਾਲਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਨੇ ਚਮਕੌਰ ਦੀ ਧਰਤੀ ’ਤੇ ਦੁਨੀਆ ਦੀ ਸਭ ਤੋਂ ਅਸਾਵੀਂ ਜੰਗ ਲੜ੍ਹਦਿਆਂ ਸ਼ਹਾਦਤ ਦਾ ਜਾਮ ਪੀਤਾ। ਚਮਕੌਰ ਦੀ ਕੱਚੀ ਗੜ੍ਹੀ ਵਿਚ ੪੦ ਗੁਰੂ ਕੇ ਖ਼ਾਲਸਿਆਂ ਨੇ ੧੦ ਲੱਖ ਮੁਗ਼ਲ ਫ਼ੌਜਾਂ ਨਾਲ ਟਾਕਰਾ ਲੈਂਦਿਆਂ ਸ਼ਹੀਦੀਆਂ ਪਾਈਆਂ ਸਨ। ਦੁਨੀਆ ਦੇ ਇਤਿਹਾਸ ਵਿਚ ਸੂਰਬੀਰ ਤਾਂ ਬਹੁਤ ਹੋਣਗੇ ਪਰ ਕਲਗ਼ੀਧਰ ਪਿਤਾ ਜੀ ਦੇ ਛੋਟੇ ਸਾਹਿਬਜ਼ਾਦਿਆਂ ਵਰਗੀ ਕੁਰਬਾਨੀ ਕਿਧਰੇ ਵੀ ਲੱਭਿਆਂ ਨਹੀਂ ਮਿਲਦੀ। ੭ ਅਤੇ ੯ ਸਾਲ ਦੇ ਮਾਸੂਮ ਬੱਚਿਆਂ ਨੂੰ ਜਦੋਂ ਸਰਹਿੰਦ ਦਾ ਸੂਬੇਦਾਰ ਹਰ ਤਰ੍ਹਾਂ ਦੇ ਦੁਨਿਆਵੀ ਲਾਲਚਾਂ ਅਤੇ ਜਾਨ ਖਲਾਸੀ ਬਦਲੇ ਇਸਲਾਮ ਕਬੂਲ ਕਰਨ ਲਈ ਆਖ ਰਿਹਾ ਸੀ ਤਾਂ ਛੋਟੇ ਸਾਹਿਬਜ਼ਾਦਿਆਂ ਨੇ ਬੇ-ਦੀਨੀ ਜ਼ਿੰਦਗੀ ਨਾਲੋਂ ਧਰਮ ਦੀ ਮੌਤ ਮਰਨ ਨੂੰ ਕਬੂਲ ਕੀਤਾ। ਧਰਮ ਨਾ ਛੱਡਣ ਬਦਲੇ ਉਨ੍ਹਾਂ ਨੂੰ ਜ਼ਿਊਂਦੇ ਨੀਹਾਂ ਵਿਚ ਚਿਣ ਦਿੱਤਾ ਗਿਆ ਅਤੇ ਬਾਅਦ ਵਿਚ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ। ਇਸੇ ਸ਼ਹਾਦਤ ਦੀ ਅਦੁੱਤੀ ਮਿਸਾਲ ਤੋਂ ਮੁਤਾਸਿਰ ਹੋ ਕੇ ਹਿੰਦੀ ਦੇ ਪ੍ਰਸਿੱਧ ਕਵੀ ਮੈਥਲੀ ਸ਼ਰਨ ਗੁਪਤ ਨੂੰ ਇਹ ਕਹਿਣ ਲਈ ਮਜ਼ਬੂਰ ਹੋਣਾ ਪਿਆ ਕਿ ਜਿਸ ਧਰਮ ਵਿਚ ਇਸ ਤਰ੍ਹਾਂ ਦੇ ਸ਼ਹੀਦ ਬੱਚੇ ਹੋਣ, ਉਸ ਦਾ ਵਰਤਮਾਨ ਭਾਵੇਂ ਕੁਝ ਵੀ ਹੋਵੇ ਪਰ ਭਵਿੱਖ ਬਹੁਤ ਮਹਾਨ ਹੋਵੇਗਾ। ਵੇਖਣ ਵਾਲੀ ਗੱਲ ਇਹ ਹੈ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸਾਡੇ ਅਜੋਕੇ ਸਿੱਖ ਸਮਾਜ ’ਤੇ ਕੀ ਪ੍ਰਭਾਵ ਹੈ? ਅਜੋਕੀਆਂ ਸਿੱਖ ਸਮੱਸਿਆਵਾਂ ਨੂੰ ਦੇਖਦਿਆਂ ਅਜਿਹਾ ਜਾਪਦਾ ਹੈ ਕਿ ਅਸੀਂ ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਵਿਸਾਰ ਰਹੇ ਹਾਂ। ਛੋਟੇ ਸਾਹਿਬਜ਼ਾਦਿਆਂ ਨੇ ਸਾਡਾ ਧਰਮ ਕਾਇਮ ਰੱਖਣ ਖ਼ਾਤਰ ਲਾਸਾਨੀ ਸ਼ਹਾਦਤ ਦਿੱਤੀ ਪਰ ਅਸੀਂ ਉਨ੍ਹਾਂ ਦੀ ਕੁਰਬਾਨੀ ਦਾ ਕੀ ਮੁੱਲ ਮੋੜ ਰਹੇ ਹਾਂ? ਸਾਡੇ ਬੱਚੇ ਪਤਿਤਪੁਣੇ ਦੇ ਸ਼ਿਕਾਰ ਹੋ ਰਹੇ ਹਨ, ਨੌਜਵਾਨੀ ਨਸ਼ਿਆਂ ਵਿਚ ਗਰਕ ਹੋ ਰਹੀ ਹੈ ਅਤੇ ਪੰਥਕ ਆਗੂ ਆਪਣੇ ਇਖਲਾਕੀ ਫ਼ਰਜ਼ਾਂ ਨੂੰ ਭੁੱਲ ਕੇ ਖੁਦਗਰਜ਼ੀਆਂ ਅਤੇ ਸੱਤਾ ਲਾਲਚਾਂ ਪਿੱਛੇ ਦੀਨ ਨੂੰ ਵੇਚਣ ਵਿਚ ਕੋਈ ਕਸਰ ਨਹੀਂ ਛੱਡ ਰਹੇ। ਸਿੱਖੀ ਇਖਲਾਕ ਵਿਚ ਵੱਡੇ ਪੱਧਰ ’ਤੇ ਗਿਰਾਵਟ ਆ ਰਹੀ ਹੈ। ਦਸੰਬਰ ਮਹੀਨਾ ਸਾਨੂੰ ਜਿਥੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਦੀ ਯਾਦ ਦਿਵਾਉਂਦਾ ਹੈ, ਉਥੇ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਵੀ ਆਖ ਰਿਹਾ ਹੈ ਕਿ ਸਾਹਿਬਜ਼ਾਦਿਆਂ ਦੀ ਕੁਰਬਾਨੀ ਦਾ ਕੀ ਸੰਦੇਸ਼ ਸੀ ਅਤੇ ਅਸੀਂ ਕਿੱਥੇ ਖੜ੍ਹੇ ਹਾਂ? ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲ ਮਨਾਉਣੇ ਤਾਂ ਹੀ ਸਫ਼ਲ ਹਨ ਜੇਕਰ ਅਸੀਂ ਉਨ੍ਹਾਂ ਦੀ ਦਿੱਤੀ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਆਪਣੇ ਬੱਚਿਆਂ ਨੂੰ ਧਰਮ ਵਿਚ ਪ੍ਰਪੱਕ ਕਰਨ ਦਾ ਅਹਿਦ ਕਰੀਏ। ਸਿੱਖੀ ਇਖਲਾਕ ਵਿਚ ਪੂਰੇ ਉਤਰਨ ਦੇ ਯਤਨ ਕਰੀਏ।


### ਬੇਨਤੀ

**ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।**



### ਚੰਦਾ

**ਭਾਰਤ :** ਸਾਲਾਨਾ 200 ਰੁਪਏ, ਤਿੰਨ ਸਾਲ 500 ਰੁਪਏ, ਪੰਜ ਸਾਲ 800 ਰੁਪਏ, ਉਮਰ ਭਰ ਲਈ 2000 ਰੁਪਏ

**ਵਿਦੇਸ਼ਾਂ ਲਈ :** ਸਾਲਾਨਾ 2000 ਰੁਪਏ, ਉਮਰ ਭਰ ਲਈ 15,000 ਰੁਪਏ

ਚੰਦੇ ਆਪਣੇ ਨੇੜਲੇ ਸਾਡੇ ਪ੍ਰਤੀਨਿੰਧ ਜਾਂ ਸਾਡੇ ਮੁੱਖ ਦਫ਼ਤਰ ’ਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੀ।

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ

# ਸੋ ਕਹੀਅਤ ਹੈ ਸੂਰਾ

ਅੰਕ : ੧੨ ਸਾਲ : ੧੦ ਦਸੰਬਰ ੨੦੨੪

ਮੱਘਰ-ਪੋਹ, ੫੫੬ ਨਾਨਕਸ਼ਾਹੀ

ਨਿਰੋਲ ਧਾਰਮਿਕ ਮਾਸਿਕ ਪੱਤਰ



'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।
ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।


## ਲੇਖਕਾਂ ਤੇ ਪਾਠਕਾਂ ਲਈ

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

> "ਸਿਖ, ਗੁਰੂ ਦੇ ਅਵਤਾਰ ਦਿਨ ਅਤੇ ਜੋਤੀ ਜੋਤਿ ਸਮਾਉਣ ਦੀਆਂ ਤਰੀਕਾਂ ਬਾਰੇ ਭੰਬਲ-ਭੂਸਿਆਂ, ਵਹਿਮਾਂ ਵਿਚ ਨਹੀਂ ਪੈਂਦਾ। ਅਜਿਹੀਆਂ ਗੱਲਾਂ ਮਨੌਤੀ ਸੰਗਤਾਂ ਨੂੰ ਹੀ ਚੰਗੀਆਂ ਲੱਗਦੀਆਂ ਹਨ। ਮਨੌਤੀ ਸੰਗਤਾਂ ਨਵੇਂ ਘੜੇ ਨਾਵਾਂ ਥੱਲੇ ਹੀ ਜੁੜਦੀਆਂ ਹਨ ਅਤੇ ਇਹ ਚੰਗੀ ਗੱਲ ਹੈ ਕਿ ਉਹ ਜੁੜ ਕੇ ਬੈਠਦੇ ਹਨ। ਜਿਹੜਾ ਸਿਖ ਸਾਰੀ ਉਮਰ ਵਿਚ ਕੇਵਲ ਇਕ ਵਾਰ ਗੁਰੂ ਦਾ ਨਾਮ ਲੈ ਕੇ ਉਸ ਨੂੰ 'ਮੇਰਾ ਪਿਆਰਾ', 'ਮੇਰਾ ਬਾਬਾ', 'ਧੰਨ ਗੁਰੂ ਨਾਨਕ' ਪੁਕਾਰਦਾ ਹੈ, ਉਹ ਗੁਰੂ ਨਾਨਕ ਨੂੰ ਏਨਾ ਪਿਆਰਾ ਹੋ ਜਾਂਦਾ ਹੈ ਕਿ ਉਹ, ਸਿੱਖ ਨੂੰ, ਉਸ ਦੇ ਲੱਖਾਂ ਜਨਮਾਂ ਤਕ, 'ਵਾਜ਼ਾਂ ਮਾਰਦਾ ਰਹਿੰਦਾ ਹੈ। ਉਹ ਸਿੱਖ ਦੇ ਘਰ ਆਪ ਜਾਂਦਾ ਹੈ ਅਤੇ ਉਸ ਦੇ ਮਨ-ਮੰਦਰ ਦਾ ਦਰਵਾਜ਼ਾ ਸਦੀਆਂ ਤੱਕ ਖੜਕਾਉਂਦਾ ਰਹਿੰਦਾ ਹੈ।
>
> \- ਪ੍ਰੋ. ਪੂਰਨ ਸਿੰਘ ਜੀ


ਹੁਕਮ ਦੀ ਖੇਡ — 06
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸਿੱਖਾਂ ਦਾ 'ਆਦਰਸ਼' ਗੁਣਾਂ ਦੀ ਸਾਂਝ ਹੈ — 13
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸਰਬ ਰੋਗ ਕਾ ਅਉਖਦੁ ਨਾਮੁ — 17
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਪ੍ਰੀਤ — 20
ਪ੍ਰੋ. ਪੂਰਨ ਸਿੰਘ ਜੀ

ਸ਼ਹੀਦੀ ਦਿਵਸ 'ਤੇ ਮੇਰੇ ਚਾਰਾਂ ਵੀਰਾਂ ਦੇ ਨਾਮ — 25
ਜਗਰੂਪ ਕੌਰ

ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ — 27
ਡਾ. ਖੜਕ ਸਿੰਘ (ਗੁਰਪੁਰਵਾਸੀ)

ਜੀਵਤ ਕਈ ਹਜ਼ਾਰ — 30
ਬਲਜੀਤ ਸਿੰਘ ਖ਼ਾਲਸਾ*

**ਵਾਊਸੰਦੇਕਪੜੇਪਹਿਰਹਿਗਰਬਿਗਵਾਰ ॥**
**ਨਾਨਕਨਾਲਿਨਚਲਨੀਜਲਿਬਲਿਹੋਏਛਾਰੁ ॥੨॥**
**(ਗਉੜੀ ਕੀ ਵਾਰ ਮਹਲਾ ੪ ॥, ਮ. ੫, ਅੰਕ : ੩੧੮)**

# ਅਰਥ ਵਿਚਾਰ

ਹਵਾ (ਵਾਊ) ਵਾਂਗ ਨਾ-ਮਾਤਰ ਕੱਪੜੇ ਮੂਰਖ (ਗਵਾਰ) ਪਹਿਨਦੇ ਹਨ ਹੰਕਾਰ ਵਿਚ। "ਨਾਨਕ" ਮੋਹਰ ਛਾਪ ਲਾ ਕੇ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਇਹ ਕੱਪੜੇ ਅਤੇ ਸੋਹਣੇ ਸਰੀਰ ਨਾਲ (ਪ੍ਰਲੋਕ ਵਿਚ) ਨਹੀਂ ਜਾਂਦੇ ਅਤੇ ਇਥੇ ਦੁਨੀਆ ਵਿਚ ਹੀ ਸੜ ਕੇ ਸੁਆਹ (ਛਾਰੁ) ਹੋ ਜਾਂਦੇ ਹਨ। "ਵਾਊ ਸੰਦੇ ਕਪੜੇ" ਇਸ ਕਰਕੇ ਕਿਹਾ ਹੈ ਕਿ ਪੁਰਾਣੇ ਜ਼ਮਾਨੇ ਵਿਚ ਅਮੀਰ ਘਰ ਦੀਆਂ ਸ਼ੁਕੀਨ ਇਸਤ੍ਰੀਆਂ ਢਾਕੇ ਦੀ ਸਿਲਕ (ਰੇਸ਼ਮ) ਦੇ ਕੱਪੜੇ ਪਾਉਂਦੀਆਂ ਹੁੰਦੀਆਂ ਸਨ, ਜੋ ਕਿ ਇਤਨੇ ਬਾਰੀਕ ਹੋਇਆ ਕਰਦੇ ਸਨ ਕਿ ਉਹ ਮਾਚਿਸ ਦੀ ਡੱਬੀ ਵਿਚ ਸਮਾ ਜਾਂਦੇ ਸਨ।

ਅੱਜ ਦੇ ਜ਼ਮਾਨੇ ਵਿਚ ਢਾਕੇ ਦੀ ਸਿਲਕ ਦੇ ਕੱਪੜੇ ਤੇ ਨਹੀਂ ਪਾਏ ਜਾਂਦੇ ਪਰ ਹੁਣ ਕੱਪੜੇ ਓਦਾਂ ਹੀ ਬਹੁਤ ਘਟਾ ਦਿੱਤੇ ਗਏ ਹਨ ਅਤੇ ਸਰੀਰ ਦੀ ਸਿੱਧੀ ਹੀ ਨੁਮਾਇਸ਼ ਹੋਣ ਲੱਗ ਪਈ ਹੈ ਪਰ ਪੰਚਮ ਪਿਤਾ ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਇਹ ਸਲੋਕ ਉਨ੍ਹਾਂ ਬੀਬੀਆਂ ਅਤੇ ਬੰਦਿਆਂ ਦੇ ਸਿਰ 'ਤੇ ਇਕ ਤਾਕੀਦੀ ਹੁਕਮ ਹੈ ਕਿ ਅਜਿਹੇ ਕੱਪੜੇ ਨਹੀਂ ਪਾਉਣੇ ਚਾਹੀਦੇ ਜਿਨ੍ਹਾਂ ਵਿਚੋਂ ਸਰੀਰ ਦੀ ਨੁਮਾਇਸ਼ ਜਾਂ ਪ੍ਰਦਰਸ਼ਨੀ ਹੋਵੇ। ਜੋ ਲੋਕ "ਵਾਊ ਸੰਦੇ ਕਪੜੇ" ਪਾਉਂਦੇ ਹਨ, ਉਹ ਅਕਸਰ ਆਪਣੇ ਸਰੀਰ 'ਤੇ ਮਾਣ ਕਰਦੇ ਹਨ ਅਤੇ ਸੋਚਦੇ ਹਨ ਕਿ ਉਨ੍ਹਾਂ ਦਾ ਸਰੀਰ ਬਹੁਤ ਸੋਹਣਾ ਹੈ। ਜਿਨ੍ਹਾਂ ਲੜਕਿਆਂ ਦੇ ਸਰੀਰ ਤਕੜੇ ਹੁੰਦੇ ਅਤੇ ਜਿਨ੍ਹਾਂ ਨੂੰ ਗੁਰਮਤਿ ਦੀ ਸੋਝੀ ਨਹੀਂ ਹੁੰਦੀ ਉਹ ਅਕਸਰ ਹੀ ਅਜਿਹੀਆਂ ਟੀ-ਸ਼ਰਟਾਂ ਪਾਉਂਦੇ ਹਨ ਜਿਨ੍ਹਾਂ ਵਿਚੋਂ ਉਨ੍ਹਾਂ ਦੇ ਡੌਲੇ ਆਦਿ ਦਿਸਣ। ਇਸ ਤਰ੍ਹਾਂ ਉਹ ਆਪਣੇ ਫ਼ਾਨੀ ਸਰੀਰ 'ਤੇ ਝੂਠੇ ਹੰਕਾਰ ਦਾ ਮੁਜ਼ਾਹਰਾ ਕਰਦੇ ਹਨ। ਇਸੇ ਤਰ੍ਹਾਂ ਹੀ ਅੱਜ-ਕਲ੍ਹ, ਕਲਿਜੁਗ ਦੇ ਮਾੜੇ ਪ੍ਰਭਾਵ ਹੇਠ ਔਰਤਾਂ ਅਕਸਰ ਹੀ ਬੇਹਯਾਈ ਵਾਲੇ ਕੱਪੜੇ, ਜਿਨ੍ਹਾਂ ਵਿਚੋਂ ਉਨ੍ਹਾਂ ਦਾ ਸਰੀਰ ਦਿਸਦਾ ਹੋਵੇ, ਪਾਉਣ ਵਿਚ ਬਹੁਤ ਫ਼ਖਰ ਸਮਝਦੀਆਂ ਹਨ। ਉਸ ਵੇਲੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਜਦੋਂ ਸਾਡੀਆਂ ਭੈਣਾਂ-ਬੇਟੀਆਂ ਕੀਰਤਨ ਸਮਾਗਮਾਂ 'ਤੇ ਵੀ ਕੱਪੜਿਆਂ ਦੀ ਨੁਮਾਇਸ਼ ਕਰਨ ਤੋਂ ਗੁਰੇਜ਼ ਨਹੀਂ ਕਰਦੀਆਂ।

ਇਕ ਗੱਲ ਸੋਚਣੀ ਚਾਹੀਦੀ ਹੈ ਕਿ ਜੇ ਕੋਈ ਵਿਅਕਤੀ ਕਿਸੇ ਦੇ ਸਰੀਰ ਵੱਲ ਆਕਰਸ਼ਿਤ ਹੋ ਕੇ ਉਸ ਨਾਲ ਸਬੰਧ ਜੋੜਦਾ ਹੈ ਤਾਂ ਉਹ ਸਰੀਰ ਦੇ ਢਲ ਜਾਣ ਤੋਂ ਬਾਅਦ ਉਸ ਦਾ ਵਫ਼ਾਦਾਰ ਕਿਵੇਂ ਰਹਿ ਸਕੇਗਾ? ਸਰੀਰ ਦੀ ਖੂਬਸੂਰਤੀ ਤਾਂ ਚਾਰ ਦਿਹਾੜੇ ਦੀ ਹੈ ਅਤੇ ਜਦੋਂ ਸਰੀਰ ਢਲ ਜਾਂਦਾ ਹੈ ਤਾਂ ਇਸ ਸਰੀਰ ਕਰਕੇ ਜੁੜੇ ਹੋਏ ਲੋਕ ਵੀ ਦੂਰ ਹੋ ਜਾਂਦੇ ਹਨ। ਉਸ ਵੇਲੇ ਜੀਵ ਨੂੰ ਬਹੁਤ ਦੁਖ ਹੁੰਦਾ ਹੈ। ਸੋ ਅੰਦਰਲੇ ਗੁਣਾਂ ਦੀ ਥਾਂ 'ਤੇ ਸਰੀਰ ਦੀ ਨੁਮਾਇਸ਼ ਕਰਨੀ, ਗੁਰਮਤਿ ਅਨੁਸਾਰ ਇਕ ਵੱਡੀ ਬੇਵਕੂਫ਼ੀ ਹੈ। ਗੁਰੂ ਕੇ ਸਿੱਖ ਕਦੇ ਵੀ ਸੰਸਾਰ ਦੀਆਂ ਕੂੜਾਵੀਆਂ ਵਸਤਾਂ ਉਪਰ ਮਾਣ ਨਹੀਂ ਕਰਦੇ। ਉਹ ਕੇਵਲ, ਸਿਰ ਦੇ ਸਾਂਈਂ ਸ੍ਰੀ ਵਾਹਿਗੁਰੂ ਸਾਹਿਬ ਜੀ 'ਤੇ ਹੀ ਮਾਣ ਕਰਦੇ ਹਨ। ▪▪



# ਹੁਕਮ ਦੀ ਖੇਡ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਜੋ ਵਰਤਾਰਾ ਸੰਸਾਰ ਵਿਚ ਵਰਤ ਰਿਹਾ ਹੈ, ਸਭ ਵਾਹਿਗੁਰੂ ਨਿਰੰਕਾਰ ਦੇ ਹੁਕਮ ਅੰਦਰ ਵਰਤ ਰਿਹਾ ਹੈ। ਪਰ ਇਸ ਹੁਕਮ ਨੂੰ ਬੁਝਣਾ, ਮਨ ਬਚਨ ਕਰਕੇ ਬੁਝਣਾ ਬੜਾ ਹੀ ਔਖਾ ਹੈ। ਜਿਸ ਕਿਸੇ ਪ੍ਰਾਣੀ ਨੇ ਇਸ ਹੁਕਮ ਨੂੰ ਬੁਝ ਲਿਆ ਉਸ ਦੀ ਹਉਮੈ ਉੱਕੀ ਹੀ ਮਿਟ ਗਈ। ਇਸ ਸੱਚੇ ਹੁਕਮ ਤੋਂ ਬਾਹਰ ਕੋਈ ਭੀ ਨਹੀਂ ਹੈ। ਯਥਾ ਗੁਰਵਾਕ:-

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥**
**(ਜਪੁਜੀ)**

ਹਉਮੈ ਤਿਸੇ ਦੀ ਮਿਟਦੀ ਹੈ ਜੋ ਮਨ ਬਚਨ ਕਰਮ ਕਰਕੇ ਹੁਕਮ ਨੂੰ ਬੁਝ ਲੈਂਦਾ ਹੈ। ਇਹ ਹੁਕਮ ਗੁਰਮਤਿ ਅਨੁਸਾਰ ਕੇਵਲ ਗੁਰੂ ਨਾਮ ਹੀ ਹੈ। ਯਥਾ ਗੁਰਵਾਕ:-

**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥**
(**ਸਿਰੀਰਾਗੁ ਮ. ੧, ਪੰਨਾ :੭੨**)

"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ **ਇਕ ਠਾਇ ॥੪॥੯॥**" (**ਵਡਹੰਸੁ ਮ. ੩, ਪੰਨਾ** :੫੬੦) ਵਾਲਾ ਗੁਰਵਾਕ ਸਪੱਸ਼ਟ ਦਸਦਾ ਹੈ ਕਿ ਹਉਮੈ ਤੇ ਨਾਮ ਦਾ ਪਰਸਪਰ ਵਿਰੋਧ ਹੈ, ਦੋਨੋਂ ਇਕ ਥਾਉਂ ਨਹੀਂ ਵਸ ਸਕਦੇ। ਜਿਥੇ ਨਾਉਂ ਹੈ ਉਥੇ ਹਉਮੈ ਵਸਦੀ ਨਹੀਂ। ਜਿਥੇ ਹਉਮੈ ਹੈ ਉਥੇ ਨਾਮ ਨਹੀਂ ਵਸ ਸਕਦਾ। ਨਾਮ ਦੇ ਹੁਕਮ ਨਾਲ ਸਮਸਰ ਅਰਥ ਰਖਣ ਦਾ ਸਪੱਸ਼ਟ ਭਾਵ ਉਪਰ ਵਰਨਣ ਹੋ ਚੁਕਾ ਹੈ। ਭਾਵ **"ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥"** ਜਿਸ ਦੀ ਹਉਮੈ ਬੁਝ ਗਈ, ਜੋ ਕੇਵਲ ਨਾਮ ਅਭਿਆਸ ਦੀ ਅਥਾਹ ਕਮਾਈ ਦੁਆਰਾ ਹੀ ਬੁਝਦੀ ਹੈ, ਉਹ ਹੀ ਨਾਮ-ਅਭਿਆਸੀ ਜਨ ਵਾਹਿਗੁਰੂ ਦੀ ਦਰਗਾਹ ਵਿਚ ਸਿੱਝਦਾ ਹੈ। ਯਥਾ ਗੁਰਵਾਕ:-

**ਹਉਮੈ ਬੂਝੈ ਤਾ ਦਰੁ ਸੂਝੈ... ॥੧॥(੭)**
**(ਸਲੋਕੁ ਮ. ੧, ਆਸਾ ਦੀ ਵਾਰ, ਪੰਨਾ : ੪੬੬)**

ਨਾਮ ਹੀ ਵਾਹਿਗੁਰੂ ਅਕਾਲ ਪੁਰਖ ਦਾ ਸੱਚਾ ਹੁਕਮ ਹੈ। ਨਾਮ ਹੀ ਸੱਚੇ ਵਾਹਿਗੁਰੂ-ਰਜ਼ਾਈ ਦੀ ਸੱਚੀ ਰਜ਼ਾ ਹੈ। ਵਾਹਿਗੁਰੂ ਦਾ ਹੁਕਮੀ ਸੱਚਾ ਬੰਦਾ ਉਹ ਹੀ ਹੈ ਜੋ ਉਸ ਦੇ ਹੁਕਮ ਅਨੁਸਾਰ ਚਲਦਾ ਹੈ:-

**ਹੁਕਮੁ ਮੰਨੇ ਸੋ ਜਨੁ ਪਰਵਾਣੁ ॥**
**ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ਰਹਾਉ ॥( ॥੪॥੧੦॥)**
**(ਬਸੰਤੁ ਮ. ੩, ਪੰਨਾ : ੧੧੭੫)**

ਨਾਮ ਨੀਸ਼ਾਨ ਰੂਪੀ ਗੁਰ-ਸ਼ਬਦ ਹੀ ਸੱਚਾ ਹੁਕਮ ਹੈ। ਉਹ ਹੀ ਜਨ ਪਰਵਾਨ ਹੈ ਜੋ ਸੱਚੇ ਗੁਰ-ਸ਼ਬਦ ਨਾਮ-ਨੀਸ਼ਾਨੀ ਹੁਕਮ ਨੂੰ ਮੰਨਦਾ ਹੈ।

**ਗਾਵਣੁ ਸੁਨਣੁ ਸਭੁ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਾਚਿ ਸਮਾਣਾ ॥**
**ਜਪਿ ਜਪਿ ਜੀਵਹਿ ਤੇਰਾ ਨਾਂਉ ॥ ਤੁਝ ਬਿਨੁ ਦੂਜਾ ਨਾਹੀ ਥਾਉ ॥੨॥( ॥੪॥੨॥੨੦॥)**
**(ਮਲਾਰ ਮ. ੫, ਪੰਨਾ : ੧੨੭੦)**

ਨਾਮ ਜਪਿ ਜਪਿ ਜੀਵਣਾ ਹੀ ਸੱਚਾ ਹੁਕਮ ਰਜ਼ਾਈ ਚਲਣਾ ਹੈ। ਗੁਰਵਾਕ-

**ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥**
**ਕਹਤ ਨਾਨਕੁ ਹਉਮੈ ਕਹੈ ਨ ਕੋਇ ॥**
**ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੨॥੧੪॥**

**(ਬਸੰਤ ਮ. ੩, ਪੰਨਾ : ੧੧੭੬)**
**ਨਦਰਿ ਕਰੇ ਤਾਂ ਭਰਮੁ ਚੁਕਾਏ ॥ ਹੁਕਮੈ ਬੂਝੈ ਤਾਂ ਸਾਚਾ ਪਾਏ ॥੪॥ ( ॥੫॥੪॥)**
**(ਬਸੰਤੁ ਮ. ੩, ਪੰਨਾ : ੧੧੬੯)**

ਵਾਲਾ ਗੁਰਵਾਕ ਸਾਫ਼ ਦਸਦਾ ਹੈ ਕਿ ਜੋ ਨਾਮ ਰੂਪੀ ਹੁਕਮ ਨੂੰ ਬੁੱਝ ਲੈਂਦਾ ਹੈ, ਉਹੀ ਗੁਰਮੁਖ ਜਨ ਸੱਚੇ ਵਾਹਿਗੁਰੂ ਨੂੰ ਪਾ ਲੈਂਦਾ ਹੈ। ਯਥਾ ਗੁਰਵਾਕ:-

**ਹੁਕਮੈ ਬੂਝੈ ਤਤੁ ਪਛਾਣੈ ॥ ਇਹੁ ਪਰਸਾਦੁ ਗੁਰੂ ਤੇ ਜਾਣੈ... ॥੨॥ ( ॥੨੪॥)**
**(ਮ. ੧, ਵਾਰ ਮਲਾਰ, ਪੰਨਾ : ੧੨੮੯)**

ਕੇਵਲ ਗੁਰੂ ਦੁਆਰਾ ਹੀ ਅਰਥਾਤ ਗੁਰੂ ਤੋਂ ਹੀ ਨਾਮ ਰੂਪ ਤਤੁ ਪਛਾਨਿਆ ਜਾਂਦਾ ਹੈ। ਗੁਰੂ ਕਿਰਪਾ (ਪਰਸਾਦਿ) ਦੁਆਰਾ ਹੀ ਇਹ ਤੱਤ ਹੁਕਮੀ ਨਾਮ ਬੁਝਾਇਆ ਜਾ ਸਕਦਾ ਹੈ, ਐਵੇਂ ਹਰਗਿਜ਼ ਨਹੀਂ। ਗੁਰੂ ਦੁਆਰਾ, ਕੇਵਲ ਗੁਰੂ ਨਾਨਕ ਸਾਹਿਬ ਦਾ ਹੀ ਦੁਆਰਾ ਹੈ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਏਜ਼ਦੀ (ਅਕਾਲੀ) ਹੁਕਮ ਅਨੁਸਾਰ "ਪੰਚ ਪਰਵਾਣ ਪੰਚ ਪਰਧਾਨ" (ਜਪੁਜੀ, ਪਉੜੀ ੧੬) ਪਿਆਰਿਆਂ ਅੰਦਰ ਹੀ ਨਾਮ ਦੀ ਕਲਾ ਵਰਤਦੀ ਹੈ। ਹੋਰ ਕੋਈ ਐਰਾ ਗ਼ੈਰਾ ਸੰਤ ਸਾਧ ਇਕੱਲਾ ਹੀ ਕਦੇ ਗੁਰੂ ਨਹੀਂ ਕਹਾ ਸਕਦਾ, ਭਾਵੇਂ ਆਪਣੇ ਆਪ ਵਿਚ ਕਿਤਨਾ ਹੀ ਅਕੜਿਆ ਫਿਰਦਾ ਹੋਵੇ। ਯਥਾ ਗੁਰਵਾਕ:-

**ਕਿਸ ਨੋ ਕਹੀਐ ਨਾਨਕਾ ਕਿਸ ਨੋ ਕਰਤਾ ਦੇਇ ॥**
**ਹੁਕਮਿ ਰਹਾਏ ਆਪਣੈ ਮੂਰਖੁ ਆਪੁ ਗਣੇਇ ॥੧॥ ( ॥੧੦॥)**
**(ਸਲੋਕ ਮ. ੧, ਵਾਰ ਸਾਰੰਗ, ਪੰਨਾ : ੧੨੪੧)**

ਮੂਰਖ ਲੋਕ ਆਪਣੇ ਆਪ ਹੀ ਆਪਣੀ ਹਉਮੈ ਦੀ ਤਾਣ ਅੰਦਰ ਆਪਣੇ ਆਪ ਨੂੰ ਗੁਰੂ ਸਦਵਾਉਂਦੇ ਹਨ, ਪਰ ਬਣਦਾ ਕੁਝ ਵੀ ਨਹੀਂ। "ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥ ( ॥੪॥੩॥) " (ਪ੍ਰਭਾਤੀ ਕਬੀਰ ਜੀ, ਪੰਨਾ : ੧੩੫੦) ਵਾਲਾ ਗੁਰਵਾਕ ਸਪੱਸ਼ਟ ਦ੍ਰਿੜ੍ਹਾਉਂਦਾ ਹੈ ਕਿ ਇਕੋ ਵਾਹਿਗੁਰੂ ਤੇ ਵਾਹਿਗੁਰੂ ਨਾਮ ਨੂੰ ਪਛਾਨਣਹਾਰਾ ਹੀ ਸੱਚਾ ਹੁਕਮੀ ਬੰਦਾ ਹੈ। ਕੇਵਲ ਗੁਰਮੁਖ ਨਾਮ ਅਭਿਆਸੀ ਜਨ ਹੀ ਸੱਚੜੇ ਨਾਮ ਨੂੰ ਪਛਾਨਣਹਾਰਾ ਹੈ "**ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ ॥੧॥( ॥੧੮॥)**" **(ਵਾਰ ਸਾਰੰਗ, ਸਲੋਕ ਮ. ੪, ਪੰਨਾ : ੧੨੪੪)** ਗੁਰਵਾਕ ਸਪੱਸ਼ਟ ਦਸਦਾ ਹੈ, ਜੋ ਸੱਚੇ ਖਸਮ ਵਾਹਿਗੁਰੂ ਦਾ ਨਾਮ ਰੂਪੀ ਹੁਕਮ ਪਛਾਣਦਾ ਹੈ, ਮਨ ਬਚਨ ਕਰਮ ਕਰਕੇ ਪਛਾਣਦਾ ਹੈ, ਉਹ ਹੀ ਗੁਰਮੁਖ ਜਨ ਸੱਚੇ ਵਾਹਿਗੁਰੂ ਦੀ ਪ੍ਰਾਪਤੀ ਕਰ ਸਕਦਾ ਹੈ।

ਤਾਂਤੇ ਹੁਕਮ ਪਛਾਨਣਾ ਹੁਕਮ-ਰਜ਼ਾਈ ਵਾਹਿਗੁਰੂ ਦੇ ਸੱਚੇ ਨਾਮ ਨੂੰ ਮੰਨਣਾ ਹੈ- "**ਹੁਕਮੁ ਕਰਿ ਕੀਨੇ ਨਿਹਾਲ ॥ ਅਪਨੇ ਸੇਵਕ ਕਉ ਭਇਆ ਦਇਆਲੁ ॥੧॥ ( ॥੪॥੪॥੧੭॥)** " **(ਬਸੰਤੁ ਮ. ੫, ਪੰਨਾ :੧੧੮੪)** ਅਤੇ "**ਹੁਕਮੇ ਹੋਆ ਹੁਕਮੇ ਵਰਤਾਰਾ ॥੧॥ ਰਹਾਉ ॥ ( ॥੪॥੩॥)**" **(ਭੈਰਉ ਮ. ੩, ਪੰਨਾ : ੧੧੨੮)** ਵਾਲੇ ਵਾਕ ਸਪੱਸ਼ਟ ਸਪੱਸ਼ਟਾਉਂਦੇ ਹਨ ਕਿ ਸਭ ਕੁਝ ਹੁਕਮ ਅੰਦਰ ਹੀ ਵਰਤਦਾ ਹੈ ਤੇ ਹੁਕਮੀ ਪਾਤਸ਼ਾਹ ਸੱਚਾ ਵਾਹਿਗੁਰੂ ਨਾਮ ਰੂਪੀ ਹੁਕਮ ਕਰਿ ਵੇਖਦਾ ਵਿਗਸਦਾ ਰਹਿੰਦਾ ਹੈ।

**ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥**
**ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥ ( ॥੧੬॥)**
**(ਵਾਰ ਸਾਰੰਗ, ਸਲੋਕ ਮ. ੨, ਪੰਨਾ : ੧੨੪੩)**

ਗੁਰਵਾਕ ਇਸ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਆਪਣੇ ਗੁਰਮੁਖ ਜਨਾਂ ਨੂੰ ਆਪਣੇ ਨਾਮ ਰੂਪੀ ਹੁਕਮ ਦੇ ਦਾਇਰੇ ਵਿੱਚ ਹੀ ਰੱਖਦਾ ਹੈ। ਉਸ ਨੂੰ ਹਉਮੈ ਕਦੇ ਨਹੀਂ ਵਿਆਪਦੀ ਅਤੇ ਘਾਲ ਕਮਾਈ ਉਸੇ ਦੀ ਲੇਖੇ ਲਗਦੀ ਹੈ। "**ਹਉਮੈ ਮੇਰਾ ਸਬਦੇ ਖੋਈ ॥ ਨਿਰਮਲ ਨਾਮੁ ਵਸੈ ਮਨਿ ਸੋਈ ॥੬॥( ॥੮॥੧॥)** " **(ਪ੍ਰਭਾਤੀ ਅਸਟ: ਮ.੧ , ਪੰਨਾ : ੧੩੪੨)** ਵਾਲਾ ਗੁਰਵਾਕ ਸਪੱਸ਼ਟ ਦ੍ਰਿੜ੍ਹਾਉਂਦਾ ਹੈ ਕਿ ਨਾਮ ਰੂਪੀ ਸ਼ਬਦ ਦੁਆਰਾ ਹੀ ਹਉਮੈ ਰੋਗ ਕੱਟਿਆ ਜਾ ਸਕਦਾ ਹੈ। "**ਹਉਮੈ ਵਿਚਹੁ ਸਬਦਿ ਜਲਾਏ ॥ ਧਾਵਤੁ ਰਾਖੈ ਠਾਕਿ ਰਹਾਏ ॥੪॥( ॥੮॥੨॥)** **(ਪ੍ਰਭਾਤੀ ਅਸਟ: ਮ. ੧,** ਪੰਨਾ : ੧੩੪੨) ਵਾਲਾ ਗੁਰਵਾਕ ਭੀ ਏਸੇ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ। "ਹਉਮੈ ਵਿਚਹੁ ਸਬਦਿ ਜਲਾਏ ॥" ਸ਼ਬਦ ਰੂਪੀ ਨਾਮ ਦੁਆਰਾ ਹੀ ਅੰਦਰੋਂ ਹਉਮੈ ਜਾਂਦੀ ਹੈ ਅਤੇ ਮੈਂ-ਮੇਰੀ ਮਿਟ ਜਾਂਦੀ ਹੈ। ਏਸੇ ਕਰਕੇ ਇਉਂ ਗੁਰਵਾਕ ਆਉਂਦਾ ਹੈ:-

**ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥**
**ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸੰਮ੍ਹਾਲਿ ॥੨॥ ( ॥੪॥੩॥)**
**(ਮਲਾਰ ਮ. ੩, ਪੰਨਾ : ੧੨੫੮)**
**"ਏਕੋ ਨਾਮੁ ਅੰਮ੍ਰਿਤੁ ਹੈ ਮੀਠਾ ਜਗਿ ਨਿਰਮਲ ਸਚੁ ਸੋਈ ॥**
**ਨਾਨਕ ਨਾਮੁ ਪ੍ਰਭੂ ਤੇ ਪਾਈਐ ਜਿਨ ਕਉ ਧੁਰਿ ਲਿਖਿਆ ਹੋਈ ॥੫॥੪॥"**
**(ਮਲਾਰ ਮ. ੩, ਪੰਨਾ: ੧੨੫੯)**

ਵਾਲਾ ਗੁਰਵਾਕ ਸਾਫ਼ ਦ੍ਰਿੜ੍ਹਾਉਂਦਾ ਹੈ ਕਿ ਨਾਮ ਕੇਵਲ ਹੁਕਮ ਹੀ ਨਹੀਂ, ਬਲਕਿ ਅੰਮ੍ਰਿਤ-ਮਿਠ-ਰਸ ਭਰਿਆ ਸੱਚੜਾ ਅਹਿਲਾਦ ਹੈ, ਜੋ ਜਪਣਹਾਰੇ ਪ੍ਰਾਣੀ ਨੂੰ ਵਿਸਮਾਦ ਵਿੱਚ ਲੈ ਜਾਂਦਾ ਹੈ। ਇਸ ਬਿਧਿ ਸੱਚੜੇ ਹੁਕਮ ਦਾ ਗੁਰਮੁਖ ਜਨ ਨੂੰ ਧਾਰਨੀ ਬਣਾਉਂਦਾ ਹੈ। ਇਹ ਨਾਮ ਰੂਪੀ ਹੁਕਮ ਧੁਰ ਦਰਗਾਹੋਂ ਵਾਹਿਗੁਰੂ ਦੇ ਸੱਚੇ ਦਰਬਾਰ ਤੋਂ ਆਉਂਦਾ ਹੈ ਅਤੇ ਤਿਨ੍ਹਾਂ ਨੂੰ ਹੀ ਮਿਲਦਾ ਹੈ ਜਿਨ੍ਹਾਂ ਦੇ ਲੇਖਾਂ ਵਿਚ ਧੁਰ ਤੋਂ ਹੀ ਲਿਖਿਆ ਹੋਇਆ ਹੁੰਦਾ ਹੈ। ਜੋ ਜਨ ਹੁਕਮ ਦੀ ਕਾਰ ਕਮਾਉਂਦਾ ਹੈ, ਉਹ ਸੱਚੜੇ ਨਾਮ ਦੀ ਅਭਿਆਸ ਕਮਾਈ ਕਮਾਉਂਦਾ ਹੈ। ਜਿਉਂ ਜਿਉਂ ਗੁਰਮੁਖ ਜਨ ਸੱਚੜੇ ਨਾਮ ਦੀਆਂ ਸੱਚੜੀਆਂ ਅਭਿਆਸ-ਕਮਾਈਆਂ ਕਰਦਾ ਹੈ ਤਿਉਂ ਤਿਉਂ ਹੀ ਵਾਹਿਗੁਰੂ ਦੇ ਹੁਕਮ ਵਿੱਚ ਲੀਨ ਹੁੰਦਾ ਚਲਿਆ ਜਾਂਦਾ ਹੈ। ਹੁਕਮ ਦੀ ਪ੍ਰਬੀਨਤਾ ਹੀ ਨਾਮ ਦੀ ਲੀਨਤਾ ਹੈ, ਅਰਥਾਤ ਨਾਮ ਵਿਚ ਲੀਨ ਹੋਣਾ ਵਾਹਿਗੁਰੂ ਦਾ ਸੱਚਾ ਧਾਰਨੀ ਤੇ ਪ੍ਰਬੀਨ ਹੋਣਾ ਹੈ।

ਤਾਂਤੇ ਗੁਰਮਤਿ ਅਨੁਸਾਰ ਨਾਮ ਅਤੇ ਹੁਕਮ ਦੀ ਖੇਡ ਵਿਚ ਰੰਚਕ ਭੀ ਭੇਦ ਨਹੀਂ। ਪ੍ਰੰਤੂ ਇਹ ਹੁਕਮ ਵਾਹਿਗੁਰੂ ਦਾ ਅਤਿਅੰਤ ਖਰਾ ਭਾਰਾ ਹੈ; ਕਿਸੇ ਗੁਰਮੁਖ ਜਨ ਨੂੰ ਹੀ ਇਹ ਹੁਕਮ ਬੁਝਾਉਂਦਾ ਹੈ ਅਤੇ ਵਾਹਿਗੁਰੂ ਆਪ ਮਨਾਉਂਦਾ ਹੈ। ਯਥਾ ਗੁਰਵਾਕ:-

**ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ.... ॥੯॥**
**(ਆਸਾ ਮ. ੩ ਛੰਤ ਘਰ ੩, ਪੰਨਾ : ੪੪੧)**

ਇਹ ਹੁਕਮ ਨਾਮ ਦਾ ਹੀ ਮੰਨਣਾ ਹੈ। ਜਿਨ੍ਹਾਂ ਨੂੰ ਵਾਹਿਗੁਰੂ ਨੇ ਸੱਚੜਾ ਹੁਕਮ ਮਨਾਇਆ ਹੈ, ਉਨ੍ਹਾਂ ਦੇ ਅੰਤਰ-ਆਤਮੇ ਗੁਰਮੰਤ੍ਰ ਰੂਪੀ ਸੱਚਾ ਸ਼ਬਦ ਵਸਾਇਆ ਹੈ। ਯਥਾ ਗੁਰਵਾਕ:-

**ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥**
**ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥**
**(ਸਿਰੀਰਾਗੁ ਮ. ੧, ਪੰਨਾ : ੭੨)**

ਜੋ ਵਾਹਿਗੁਰੂ ਨੂੰ ਭਾਉਂਦਾ ਹੈ ਸੋਈ ਹੁਕਮ ਉਸ ਦਾ ਕਹਾਉਂਦਾ ਹੈ। ਤਾਂਤੇ ਵਾਹਿਗੁਰੂ ਦੇ ਭਾਣੇ ਤੇ ਹੁਕਮ ਅੰਦਰ ਰੰਚਕ ਵੀ ਫ਼ਰਕ ਨਹੀਂ। ਯਥਾ ਗੁਰਵਾਕ:-

**ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ... ॥੪॥ ( ॥੪॥੭॥)**
**(ਸਿਰੀਰਾਗੁ ਮ. ੧, ਪੰਨਾ : ੧੭)**

ਹਰੇਕ ਜੀਅ ਜੰਤ ਦੀ ਸਾਜਨਾ ਵਾਹਿਗੁਰੂ ਆਪਣੇ ਹੁਕਮ ਅੰਦਰ ਕਰਦਾ ਹੈ ਅਤੇ ਆਪਣੇ ਹੁਕਮ ਵਿਚ ਹੀ ਸਭ ਨੂੰ ਰੱਖਦਾ ਹੈ। ਯਥਾ ਗੁਰਵਾਕ:-

**ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥੨॥ ( ॥੧੫॥)**
**(ਮ. ੧, ਵਾਰ ਮਾਝ, ਪੰਨਾ : ੧੪੫)**

ਸੱਚਾ ਵਾਹਿਗੁਰੂ ਆਪਣੇ ਗੁਰਮੁਖ ਜਨਾਂ ਨੂੰ ਹੁਕਮੁ ਦਵਾਰਾ ਹੀ ਸਵਾਰਦਾ ਉਬਾਰਦਾ ਹੈ। ਉਨ੍ਹਾਂ ਦੇ ਸਵਾਰਨ ਉਬਾਰਨ ਵਿਚ ਚਸਾ ਮਾਤਰ ਭੀ ਢਿਲ ਨਹੀਂ ਕਰਦਾ। ਯਥਾ:-

**ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥ ( ॥੭॥੧॥)**
**(ਸਿਰੀਰਾਗੁ ਮ. ੧, ਅਸ਼ਟ:, ਪੰਨਾ :੫੩)**

ਹੁਕਮ ਦਵਾਰਾ ਹੀ ਵਾਹਿਗੁਰੂ-ਨਾਮ ਅੰਤ੍ਰ-

ਆਤਮੇ ਵਸਦਾ ਹੈ ਅਤੇ ਹੁਕਮ ਦਵਾਰਾ ਹੀ ਸੱਚੇ ਵਾਹਿਗੁਰੂ ਦੇ ਸਰੂਪ ਵਿਚ ਸਮਾਉਂਦਾ ਹੈ। ਤਾਂਤੇ ਵਾਹਿਗੁਰੂ ਦੇ ਹੁਕਮ ਅਤੇ ਨਾਮ ਵਿਚ ਕੋਈ ਫ਼ਰਕ ਨਹੀਂ। ਯਥਾ ਗੁਰਵਾਕ:-

**ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ ॥੫॥ ( ॥੮॥੩॥੨੦॥)**

**(ਸਿਰੀਰਾਗੁ ਮ. ੩, ਪੰਨਾ : ੬੬)**

ਹੁਕਮ ਦੀ ਖੇਡ ਅਤੇ ਨਾਮ ਦੀ ਖੇਡ ਇਕੋ ਹੈ। ਹੁਕਮ ਦੀ ਕਮਾਈ ਅਤੇ ਨਾਮ ਦੀ ਕਮਾਈ ਗੁਰਮਤਿ ਅੰਦਰ ਇਕੋ ਹੀ ਅਰਥ ਰਖਦੀ ਹੈ। ਯਥਾ ਗੁਰਵਾਕ:-

**ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ...॥੫॥ (ਪੰਨਾ :੬੬)**

ਜੋ ਉਸ ਦਾ ਨਾਮ ਰੂਪੀ ਹੁਕਮ ਨਹੀਂ ਮੰਨਦਾ ਉਹ ਭਰਮੇ ਭੂਲਾ ਸੱਟਾਂ ਖਾਂਦਾ ਹੈ ਤੇ ਚੁਰਾਸੀ ਵਿਚ ਪਿਆ ਭੌਂਦਾ ਹੈ। ਜੋ ਜਨ ਆਪਣੇ ਖਸਮ, ਵਾਹਿਗੁਰੂ ਖਸਮ ਦਾ ਨਾਮ ਨਹੀਂ ਜਪਦਾ ਉਹ ਵਾਹਿਗੁਰੂ ਦਾ ਹੁਕਮ ਵੀ ਨਹੀਂ ਮੰਨਦਾ। ਯਥਾ ਗੁਰਵਾਕ:-

**ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ॥੪॥੧॥੧੮॥**

**(ਗਉੜੀ ਬੈਰਾਗਣਿ ਮ. ੧, ਪੰਨਾ :੧੫੭)**

ਇਹ ਵਡਿਆਈ ਨਾਮ ਰੂਪੀ ਹੁਕਮ ਨੂੰ ਜਪਣ ਦੀ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ। ਜੋ ਜਨ ਸੱਚੇ ਵਾਹਿਗੁਰੂ ਦੇ ਨਾਮ ਰੂਪੀ ਹੁਕਮ ਨੂੰ ਪਛਾਣਦਾ ਹੈ ਉਹ ਹੀ ਹਰਿ-ਗੁਣ ਗਾਉਣ ਦੀ ਵਡਿਆਈ ਰਖ ਸਕਦਾ ਹੈ। ਗੁਰੂ ਦੇ ਗੁਰਦੀਖਿਆ ਰੂਪੀ ਸ਼ਬਦ ਦਵਾਰਾ ਹੀ ਨਾਮ ਵਖਾਣ ਸਕੀਦਾ ਹੈ। ਯਥਾ:-

**ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥**
**ਗੁਰ ਕੈ ਸਬਦਿ ਨਾਮਿ ਨੀਸਾਣੈ...॥੩॥( ॥੮॥੧॥)**

**(ਮਾਝ ਅਸਟ: ਮ. ੧, ਪੰਨਾ : ੧੦੯)**

ਨਾਮ ਰੂਪੀ ਸੱਚਾ ਜਪ-ਨੀਸਾਣ, ਗੁਰੂ ਦੁਆਰਿਓਂ ਮਿਲੀ ਸ਼ਬਦ ਗੁਰ-ਦੀਖਿਆ ਦਵਾਰਾ ਹੀ ਪਛਾਣ ਸਕੀਦਾ ਹੈ। ਤਾਂਤੇ ਹੁਕਮ ਅਤੇ ਨਾਮ ਦੀ ਖੇਡ ਇਕੋ ਹੀ ਹੈ। ਜੋ ਗੁਰਮੁਖ ਜਨ ਨਾਮ ਰੂਪੀ ਹੁਕਮ ਨੂੰ ਬੁਝਦਾ ਹੈ, ਉਸ ਨੂੰ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ। ਗੁਰਮੁਖ ਜਨਾਂ, ਸੇਵਕਾਂ, ਨਾਮ ਦੇ ਪੁਜਾਰੀਆਂ ਨੂੰ 'ਸੱਚਾ ਨਾਮ' ਰੂਪੀ 'ਹੁਕਮੁ' ਦੇ ਬੁਝਣ ਵਿਚ ਹੀ ਪਰਮਗਤੀ ਦੀ ਪ੍ਰਾਪਤੀ ਹੈ। ਯਥਾ ਗੁਰਵਾਕ:-

**ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮਪਦੁ ਪਾਈ॥੪॥( ॥੨੨॥)**

**(ਗਉੜੀ ਸੁਖਮਨੀ ਮ.੫, ਪੰਨਾ :੨੯੨)**

ਨਾਮ ਰੂਪੀ ਸ਼ਬਦ ਨੂੰ ਪਛਾਣ ਕੇ ਹੀ ਸੱਚੇ ਵਾਹਿਗੁਰੂ ਨਾਲ ਮੇਲ ਹੁੰਦਾ ਹੈ। ਯਥਾ ਗੁਰਵਾਕ:-

**"ਹੁਕਮ ਮੇਲੇ ਸਬਦਿ ਪਛਾਣੈ॥ (ਗਉੜੀ ਮ. ੩ ਚਉਪਦੇ, ਪੰਨਾ :੧੫੭)**

ਨਾਮ ਰੂਪੀ ਹੁਕਮ ਦੇ ਪਰਤਾਪ ਨਾਲ ਅੰਮ੍ਰਿਤ-ਬਾਣੀ ਦਾ ਵਰਤਾਰਾ ਵਰਤਦਾ ਹੈ ਅਤੇ ਨਾਮ ਰੂਪੀ ਹੁਕਮ ਮਈ ਗੁਰਦੀਖਿਆ ਦੇ ਪਰਤਾਪ ਨਾਲ ਹੀ ਅਧਿਕਾਰੀ ਜਨਾਂ ਨੂੰ ਸੱਚਾ ਨਾਮ ਰੂਪੀ ਅੰਮ੍ਰਿਤ ਛਕਾਉਂਦਾ ਹੈ। ਯਥਾ ਗੁਰਵਾਕ:-

**ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ॥੪॥( ॥੮॥੧੫॥੧੬॥)**

**(ਮਾਝ ਮ. ੩, ਪੰਨਾ : ੧੧੮)**

ਜਦੋਂ ਮਿਹਰਵਾਨ ਵਾਹਿਗੁਰੂ ਦਾ ਹੁਕਮ ਹੁੰਦਾ ਹੈ, ਓਦੋਂ ਹੀ ਨਾਮ ਰੂਪੀ ਅੰਮ੍ਰਿਤ ਦੀ ਸੱਚੀ ਵਰਖਾ ਹੁੰਦੀ ਹੈ। ਇਹ ਹੁਕਮ ਦੀ ਖੇਡ ਵਾਸਤਵ ਵਿਚ ਅੰਮ੍ਰਿਤ ਨਾਮ ਦੀ ਹੀ ਖੇਡ ਹੈ। ਹੁਕਮ ਦੇ ਬਾਹਰ ਕੁਛ ਨਹੀਂ ਹੁੰਦਾ ਅਤੇ ਹੁਕਮ ਦਵਾਰਾ ਹੀ ਜੀਵਾਂ ਦਾ ਨਿਸਤਾਰਾ ਹੁੰਦਾ ਹੈ। ਸੱਚਾ ਨਿਸਤਾਰਾ ਨਾਮ ਰੂਪੀ ਸੱਚੇ ਹੁਕਮ ਦੇ ਆਸਰੇ ਹੀ ਹੁੰਦਾ ਹੈ। ਯਥਾ ਗੁਰਵਾਕ:-

**ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ...॥੨॥ ( ॥੫॥੨॥)**

**(ਧਨਾਸਰੀ ਮ. ੧ ਛੰਤ, ਪੰਨਾ : ੬੮੮)**

ਆਪਣੇ ਹੁਕਮ ਦੀ ਖੇਡ ਦੁਆਰਾ ਹੀ ਨਾਮ ਰੂਪੀ ਸੱਚੀ ਕਾਰ ਵਾਹਿਗੁਰੂ ਆਪ ਹੀ ਕਰਾਇੰਦਾ ਹੈ, ਗੁਰਮੁਖ ਜਨਾਂ ਪਾਸੋਂ। ਯਥਾ ਗੁਰਵਾਕ:-

**ਹੁਕਮੇ ਕਾਰ ਕਰਾਇਦਾ ਦੂਜਾ ਕਿਸੁ ਕਹੀਐ ਭਾਈ॥੨॥( ॥੮॥੧੦॥੩੨॥)**

**(ਆਸਾ ਮ. ੩, ਪੰਨਾ : ੪੨੭)**

ਹੁਕਮੀ ਵਾਹਿਗੁਰੂ ਦੇ ਹੁਕਮੁ ਮੰਨ ਕੇ ਹੀ ਸੱਚਾ ਗੁਰਮੰਤਰ ਨਾਮ ਰੂਪੀ ਸ਼ਬਦ ਪਛਾਣ ਸਕੀਦਾ ਹੈ। ਜੋ ਗੁਰਮੁਖ ਜਨ ਗੁਰ-ਦੀਖਿਆ ਰੂਪੀ ਸ਼ਬਦ ਦਵਾਰਾ ਗੁਰਮੰਤਰ ਨਾਮ ਰੂਪੀ ਸੱਚਾ ਹੁਕਮ ਪਛਾਣਦਾ ਹੈ, ਉਹੀ ਜਨ ਸੱਚੇ ਵਾਹਿਗੁਰੂ ਦੀ ਦਰਗਾਹ ਵਿਚ ਸੱਚਾ ਮਾਣ ਪਾਉਂਦਾ ਹੈ, ਮਾਣ ਰੂਪੀ ਸੱਚਾ ਸਿਰੋਪਾਉ ਪਹਿਨ ਕੇ ਵਾਹਿਗੁਰੂ ਦੀ ਦਰਗਾਹ ਅੰਦਰ ਪਹਿਨਿਆ ਪਚਰਿਆ ਜਾਂਦਾ ਹੈ। ਯਥਾ ਗੁਰਵਾਕ:-

**ਹੁਕਮੈ ਸਬਦਿ ਪਛਾਣੀਐ ਪਿਆਰੇ ਦਰਗਹ ਪੈਧਾ ਜਾਇ॥੫॥( ॥੮॥੩॥)**

**(ਸੋਰਠਿ ਮ. ੧, ਪੰਨਾ : ੬੩੬)**

ਵਾਹਿਗੁਰੂ ਨਾਮ ਤੇ ਵਾਹਿਗੁਰੂ ਦੇ ਹੁਕਮ ਦੇ ਭਾਵ ਵਿਚ ਕੋਈ ਭਿੰਨ-ਭੇਦ ਨਹੀਂ ਹੈ। ਜਿਸ ਪ੍ਰਕਾਰ ਕਿ ਹੇਠ ਲਿਖੇ ਗੁਰਵਾਕ ਅੰਦਰ ਇਸ ਪ੍ਰਕਾਰ ਅੰਕਿਤ ਹੈ। ਯਥਾ:-

**ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ...॥੫॥( ॥੧੬॥)**

**(ਗਉੜੀ ਸੁਖਮਨੀ ਮ. ੫, ਪੰਨਾ : ੨੮੪)**

ਇਸੇ ਪ੍ਰਕਾਰ ਹੁਕਮ ਦੀ ਖੇਡ ਭੀ ਇਸੇ ਭਾਵ ਵਿਚ ਵਰਨਣ ਕੀਤੀ ਗਈ ਹੈ। ਯਥਾ:-

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥**
**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ...॥੨॥**

**(ਜਪੁਜੀ, ਪੰਨਾ : ੧)**

ਅਤੇ-

**ਹੁਕਮੇ ਧਾਰਿ ਅਧਰ ਰਹਾਵੈ॥ ਹੁਕਮੇ ਉਪਜੈ ਹੁਕਮਿ ਸਮਾਵੈ॥**
**ਹੁਕਮੇ ਊਚ ਨੀਚ ਬਿਉਹਾਰ॥ ਹੁਕਮੇ ਅਨਿਕ ਰੰਗ ਪਰਕਾਰ॥੧॥( ॥੧੧॥)**

**(ਗਉੜੀ ਸੁਖਮਨੀ ਮ. ੫, ਪੰਨਾ :੨੭੭)**

ਅਤੇ-

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥**

**(ਜਪੁਜੀ)**

**ਦਾ ਭਾਵ ਵੀ ਸੋਈ ਹੈ ਜੋ ਉਪਰ ਵਰਣਨ ਕੀਤਾ ਗਿਆ ਹੈ। ਯਥਾ ਗੁਰਵਾਕ:-**

**ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ॥**
**ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ...॥੮॥੪॥**

**(ਸਿਰੀਰਾਗੁ ਮ. ੧, ਪੰਨਾ : ੫੫)**

ਸਾਫ਼ ਸਿਧ ਹੋਇਆ ਕਿ ਸੱਚੇ ਬੇਪਰਵਾਹ ਵਾਹਿਗੁਰੂ ਹੁਕਮੀ ਦਾ ਹੁਕਮ ਹੀ ਸਭ ਵਰਤਾਰਾ ਵਰਤ ਰਿਹਾ ਹੈ। ਯਥਾ:-

**ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥੩॥**

**(ਜਪੁਜੀ, ਪੰਨਾ :੨)**

ਤਾਂਤੇ ਜੋ ਕੁਛ ਹੋ ਰਿਹਾ ਹੈ, ਹੁਕਮ-ਸੰਜੋਗਾਂ ਦੀ ਖੇਡ ਅੰਦਰ ਹੀ ਹੋ ਰਿਹਾ ਹੈ। ਇਸ ਜਗਿਆਸੂ ਪ੍ਰਾਣੀ ਦਾ ਇਹ ਫ਼ਰਜ਼ ਹੈ ਕਿ ਹੁਕਮ ਦੀ ਖੇਡ, ਅਰਥਾਤ ਵਾਹਿਗੁਰੂ-ਹੁਕਮ ਦੀ ਰਜ਼ਾ ਅੰਦਰ ਹੀ ਚਲਦਾ ਰਹੇ। ਯਥਾ ਗੁਰਵਾਕ:-

**ਹੁਕਮਿ ਸੰਜੋਗੀ ਆਇਆ ਚਲੁ ਸਦਾ ਰਜਾਈ...॥੮॥੨੦॥**

**(ਆਸਾ ਮ. ੧, ਪੰਨਾ : ੪੨੧)**

ਸਾਫ਼ ਸਿੱਧ ਹੋਇਆ ਕਿ ਹੁਕਮ ਦੀ ਖੇਡ ਅਤੇ ਹੁਕਮ ਰਜ਼ਾ ਦੇ ਭਾਵ ਵਿਚ ਕੋਈ ਫ਼ਰਕ ਨਹੀਂ। ਯਥਾ ਗੁਰਵਾਕ:-

**ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ...॥( ॥੨॥)**

**(ਪਉੜੀ, ਗੂਜਰੀ ਕੀ ਵਾਰ, ਪੰਨਾ : ੫੦੯)**

ਇਹ ਜ਼ਰੂਰੀ ਨਹੀਂ ਕਿ ਵਾਹਿਗੁਰੂ ਹੁਕਮ-ਰਜ਼ਾਈ ਦੀ ਹੁਕਮ ਵਾਲੀ ਖੇਡ ਹਰ ਕੋਈ ਸੱਤ ਕਰਕੇ ਮੰਨਦਾ ਹੈ। ਇਹ ਕੇਵਲ ਗੁਰੂ ਵਰੋਸਾਏ ਗੁਰਮੁਖ ਜਨ ਹੀ ਹਨ ਜੋ ਹੁਕਮ ਵਾਲੀ ਖੇਡ ਨੂੰ ਸਤਿ ਕਰਕੇ ਮੰਨਦੇ ਹਨ। ਮਨਮੁਖ ਪੁਰਸ਼ ਹੁਕਮ ਮੰਨਣਾ ਤੇ ਹੁਕਮ ਤੇ ਅਮਲ ਕਰਨਾ ਜਾਣਦੇ ਹੀ ਨਹੀਂ। ਉਂਜ ਹੁਕਮ ਅੰਦਰ ਸਾਰਾ ਪਸਾਰਾ ਪਸਰਿਆ ਗਿਆ ਹੈ। ਯਥਾ ਗੁਰਵਾਕ:-

**ਸਚਾ ਸਉਦਾ ਵਿਰਲਾ ਕੋ ਪਾਏ॥ ਪੂਰਾ ਸਤਿਗੁਰੁ ਮਿਲੈ ਮਿਲਾਏ॥**

**ਗੁਰਮੁਖ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥**
**ਹੁਕਮੇ ਆਇਆ ਹੁਕਮਿ ਸਮਾਇਆ ॥ ਹੁਕਮੇ ਦੀਸੈ ਜਗਤੁ ਉਪਾਇਆ ॥**
**ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ ॥੧੦॥**
**ਹੁਕਮੇ ਧਰਤੀ ਧਉਲ ਸਿਰਿ ਭਾਰੰ ॥ ਹੁਕਮੇ ਪਉਣ ਪਾਣੀ ਗੈਣਾਰੰ ॥**
**ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥੧੧॥**
**ਹੁਕਮੇ ਆਡਾਣੇ ਆਗਾਸੀ ॥ ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥**
**ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥੧੨॥**
**ਹੁਕਮਿ ਉਪਾਏ ਦਸ ਅਵਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥**
**ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥੧੩॥**
**ਹੁਕਮੇ ਜੁਗ ਛਤੀਹ ਗੁਦਾਰੇ ॥ ਹੁਕਮੇ ਸਿਧ ਸਾਧਿਕ ਵੀਚਾਰੇ ॥**
**ਆਪਿ ਨਾਥ ਨਥੀਂ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥੧੪॥( ॥੧੬॥੪॥੧੬॥)**
**(ਮਾਰੂ ਮ. ੧, ਪੰਨਾ : ੧੦੩੭)**

ਗੁਰਮਤਿ-ਨਾਮ-ਮਈ ਸੱਚਾ ਸਉਦਾ ਕੋਈ ਵਿਰਲਾ ਜਨ ਹੀ ਪਾਉਂਦਾ ਹੈ। ਜੋ ਜੋ ਗੁਰੂ ਵਰੋਸਾਇਆ ਗੁਰਮੁਖ ਜਨ ਹੈ, ਸੋ ਸੋ ਹੀ ਇਸ ਸੱਚੇ ਨਾਮ ਰੂਪੀ ਸਉਦੇ ਦੀ ਪ੍ਰਾਪਤੀ ਕਰਦਾ ਹੈ। ਸੱਚਾ ਗੁਰਮੁਖ ਜਨ ਉਹੀ ਹੀ ਹੈ ਜੋ ਨਾਮ ਰੂਪੀ ਸੱਚੇ ਹੁਕਮ ਨੂੰ ਪਾਲਦਾ ਹੈ, ਅਰਥਾਤ ਹੁਕਮ ਨੂੰ ਮੰਨਦਾ ਹੋਇਆ ਨਾਮ ਨਿਧਾਨ ਦਾ ਧਿਆਨ ਧਰਦਾ ਹੈ। ਇਸ ਨਾਮ ਮੰਨਣ ਮਈ ਹੁਕਮ ਨੂੰ ਕੋਈ ਗੁਰਮੁਖ ਜਨ ਹੀ ਮੰਨਦਾ ਹੈ ਅਤੇ ਹੁਕਮ ਮੰਨ ਕੇ ਹੁਕਮ ਵਿਚ ਹੀ ਸਮੱਾ ਜਾਂਦਾ ਹੈ। ਨਾਮ ਹੀ ਹੁਕਮ ਹੈ। ਨਾਮ ਵਿਚ ਹੀ ਸਮਾਉਣਾ ਕੇਵਲ ਗੁਰਮੁਖ ਜਨਾਂ ਦਾ ਹੀ ਕੰਮ ਹੈ, ਨਹੀਂ ਤਾਂ ਬਥੇਰੇ ਵਾਹਿਗੁਰੂ ਦੇ ਹੁਕਮ ਅੰਦਰ ਆਉਂਦੇ ਜਾਂਦੇ ਹਨ। ਮਨਮੁਖਾਂ ਦਾ ਹੁਕਮ ਵਿਚ ਆਵਣਾ ਜਾਵਣਾ ਇਸ ਗੱਲ ਦਾ ਸਬੂਤ ਨਹੀਂ ਕਿ ਉਹ ਜ਼ਰੂਰੀ ਨਾਮ ਮਈ ਹੁਕਮ ਨੂੰ ਮੰਨਦੇ ਨਹੀਂ, ਇਸ ਕਰਕੇ ਹੁਕਮੀ ਵਾਹਿਗੁਰੂ ਤੋਂ ਵਿਛੜ ਕੇ ਚੋਟਾਂ ਖਾਂਦੇ ਹਨ।

ਸਾਰਾ ਜਗਤ ਉਸ ਦੇ ਹੁਕਮ ਅੰਦਰ ਹੀ ਉਪਾਇਆ ਗਿਆ ਹੈ ਅਤੇ ਸਾਰੀ ਸ੍ਰਿਸ਼ਟੀ ਹੁਕਮੀ ਵਾਹਿਗੁਰੂ ਦੇ ਹੁਕਮ ਅੰਦਰ ਹੀ ਉਤਪੰਨ ਹੋਈ ਹੈ। ਹੁਕਮੀ ਵਾਹਿਗੁਰੂ ਦੇ ਹੁਕਮ ਅੰਦਰ ਹੀ ਸ੍ਰਿਸ਼ਟੀ-ਰਚਨਾ ਮਈ ਕਲਾ ਧਾਰੀ ਗਈ ਹੈ। ਉਸ ਦੇ ਹੁਕਮ ਅੰਦਰ ਹੀ ਧਰਤੀ ਉਪਾਈ ਗਈ ਹੈ। ਧਰਮ ਰੂਪੀ ਧਉਲ ਉਪਰ ਹੀ ਸਾਰੀ ਸਾਜਨਾ ਸਾਜੀ ਗਈ ਹੈ। ਹੁਕਮ ਅੰਦਰ ਹੀ ਪਉਣ ਪਾਣੀ ਤੇ ਗਗਨ ਸਾਜੇ ਗਏ ਹਨ। ਵਾਹਿਗੁਰੂ ਦੇ ਹੁਕਮ ਅੰਦਰ ਹੀ ਜੀਵਾਤਮਾ ਦਾ ਮਾਇਆ ਦੇ ਘਰ ਵਿਚ ਵਾਸਾ ਹੁੰਦਾ ਹੈ। ਹੁਕਮ ਅੰਦਰ ਹੀ ਗਗਨ ਰੂਪੀ ਆਕਾਸ਼ ਪੁਲਾੜ ਉਪਾਏ ਗਏ ਹਨ। ਹੁਕਮ ਅੰਦਰ ਹੀ ਜਲਾਂ ਥਲਾਂ ਅਤੇ ਤਿੰਨਾਂ ਭਵਨਾਂ ਦਾ ਵਾਸਾ ਹੁੰਦਾ ਹੈ। ਹੁਕਮ ਅੰਦਰ ਹੀ ਸਾਸ ਗਿਰਾਸ ਪ੍ਰਾਣੀ ਦੇ ਰਚੇ ਗਏ ਹਨ, ਸਦਾ ਲਈ ਰਚੇ ਗਏ ਹਨ। ਵਾਹਿਗੁਰੂ ਦੇ ਹੁਕਮ ਅੰਦਰ ਹੀ ਵਿਸ਼ਨੂੰ ਦੇ ਦਸ ਅਵਤਾਰ ਉਪਾਏ ਗਏ ਹਨ। ਪ੍ਰੰਤੂ ਵਾਹਿਗੁਰੂ ਦੀ ਦਰਗਾਹ ਅੰਦਰ ਸਿਰੋਪਾਉ ਸੇਤੀ ਪਹਿਨਿਆ ਪਚਰਿਆ ਸੋਈ ਜਨ ਜਾਂਦਾ ਹੈ ਜੋ ਉਸ ਦਾ ਨਾਮ ਰੂਪੀ ਹੁਕਮ ਮੰਨਦਾ ਹੈ, ਜਾਂ ਇਸ ਹੁਕਮ ਤੇ ਚਲਦਾ ਹੈ। ਹੁਕਮ ਅੰਦਰ ਹੀ ਇਹ ਪ੍ਰਾਣੀ ਛਤੀਹ ਜੁਗਾਂ ਅੰਦਰ ਭੌਂ ਕੇ ਫਿਰ ਵੀ ਕੋਰੇ ਦਾ ਕੋਰਾ ਹੀ ਰਹਿੰਦਾ ਹੈ, ਐਵੇਂ ਹੀ ਛਤੀਹ ਜੁਗ ਗੁਜ਼ਾਰ ਦਿੰਦਾ ਹੈ। ਹੁਕਮ ਅੰਦਰ ਹੀ ਅਨੇਕਾਂ ਸਿਧ ਸਾਧਕ ਆਪਣੀਆਂ ਮਨ-ਘੜਤ ਵੀਚਾਰਾਂ ਵੀਚਾਰ ਕੇ ਪਏ ਧੱਕੇ ਖਾਂਦੇ ਹਨ। ਸਾਰਿਆਂ ਦਾ ਨਾਥ ਵਾਹਿਗੁਰੂ, ਜਿਸ ਦੇ ਹੁਕਮ ਅੰਦਰ ਸਾਰੀ ਰਚਨਾ ਰਚੀ ਹੋਈ ਹੈ, ਉਸੇ ਗੁਰਮੁਖ ਜਨ ਨੂੰ ਮੁਕਤੀ ਦਾਨ ਦਿੰਦਾ ਹੈ ਜਿਸਦੇ ਉਪਰ ਉਸ ਦੀ ਨਦਰ ਕਰਮ ਹੁੰਦੀ ਹੈ। ਉਸੇ ਜਨ ਉਪਰ ਉਹ ਨਦਰੀ ਨਦਰ ਨਿਹਾਲ ਹੋ ਕੇ ਨਾਮ ਦੀ ਦਾਤਿ ਬਖ਼ਸ਼ਦਾ ਹੈ ਅਤੇ ਨਾਮ ਰੂਪੀ ਹੁਕਮ ਦੁਆਰਾ ਹੀ ਉਸ ਦਾ ਨਿਸਤਾਰਾ ਕਰਦਾ ਹੈ।

ਐਨ ਇਸ ਪ੍ਰਕਾਰ ਹੀ ਗੁਰੂ ਦਸਵੇਂ ਪਾਤਸ਼ਾਹ ਨੇ ਹੁਕਮ ਦੀ ਖੇਡ ਦਰਸਾਈ ਹੈ। ਯਥਾ ਸ੍ਰੀ ਮੁਖਵਾਕ ਪਾਤਸ਼ਾਹੀ ਦਸਵੀਂ:-

**ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ-**
**ਚੌਪਈ- ਜਬ ਪਹਿਲੇ ਹਮ ਸ੍ਰਿਸਟਿ ਬਨਾਈ ॥ ਦਈਤ ਰਚੇ ਦੁਸਟ ਦੁਖਦਾਈ ॥**
**ਤੇ ਭੁਜ ਬਲ ਬਵਰੇ ਹ੍ਵੈ ਗਏ ॥ ਪੂਜਤ ਪਰਮ ਪੁਰਖ ਰਹਿ ਗਏ ॥੬॥**
**ਤੇ ਹਮ ਤਮਕਿ ਤਨਕ ਮੋ ਖਾਪੇ ॥ ਤਿਨ ਕੀ ਠਉਰ ਦੇਵਤਾ ਥਾਪੇ ॥**
**ਤੇ ਭੀ ਬਲਿ ਪੂਜਾ ਉਰਝਾਏ ॥ ਆਪਨ ਹੀ ਪਰਮੇਸਰ ਕਹਾਏ ॥੭॥**
**ਮਹਾਦੇਵ ਅਚੁੱਤ ਕਹਾਯੋ ॥ ਬਿਸਨ ਆਪ ਹੀ ਕੋ ਠਹਿਰਾਯੋ ॥**
**ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥ ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ॥੮॥**
**ਤਬ ਸਾਖੀ ਪ੍ਰਭ ਅਸਟ ਬਨਾਏ ॥ ਸਾਖ ਨਮਿਤ ਦੇਬੇ ਠਹਿਰਾਏ ॥**
**ਤੇ ਕਹੈ ਕਰੋ ਹਮਾਰੀ ਪੂਜਾ ॥ ਹਮ ਬਿਨ ਅਵਰੁ ਨ ਠਾਕੁਰੁ ਦੂਜਾ ॥੯॥**
**ਪਰਮ ਤਤ ਕੋ ਜਿਨ ਨਾ ਪਛਾਨਾ ॥ ਤਿਨ ਕਰਿ ਈਸਰ ਤਿਨ ਕਹੁ ਮਾਨਾ ॥**
**ਕੇਤੇ ਸੂਰ ਚੰਦ ਕਉ ਮਾਨੈ ॥ ਅਗਨਿ ਹੋਤ੍ਰ ਕਈ ਪਵਨ ਪ੍ਰਮਾਨੈ ॥੧੦॥**
**ਕਿਨਹੂੰ ਪ੍ਰਭੁ ਪਾਹਨ ਪਹਿਚਾਨਾ ॥ ਨ੍ਹਾਤ ਕਿਤੇ ਜਲ ਕਰਤ ਬਿਧਾਨਾ ॥**
**ਕੇਤਕ ਕਰਮ ਕਰਤ ਡਰਪਾਨਾ ॥ ਧਰਮਰਾਜ ਕੋ ਧਰਮ ਪਛਾਨਾ ॥੧੧॥**
**ਜੇ ਪ੍ਰਭ ਸਾਖ ਨਮਿਤ ਠਹਰਾਏ ॥ ਤੇ ਹਿਆਂ ਆਇ ਪ੍ਰਭ ਕਹਵਾਏ ॥**
**ਤਾ ਕੀ ਬਾਤ ਬਿਸਰ ਜਾਤੀ ਭੀ ॥ ਅਪਨੀ ਅਪਨੀ ਪਰਤ ਸੋਭ ਭੀ ॥੧੨॥**
**ਜਬ ਪ੍ਰਭ ਕੋ ਨ ਤਿਨੈ ਪਹਿਚਾਨਾ ॥ ਤਬ ਹਰਿ ਇਨ ਮਨੁੱਛਨ ਠਹਿਰਾਨਾ ॥**
**ਤੇ ਭੀ ਬਸਿ ਮਮਤਾ ਹੁਇ ਗਏ ॥ ਪਰਮੇਸਰ ਪਾਹਨ ਠਹਰਏ ॥੧੩॥**
**ਤਬ ਹਰਿ ਸਿੱਧ ਸਾਧ ਠਹਿਰਾਏ ॥ ਤਿਨ ਭੀ ਪਰਮ ਪੁਰਖ ਨਹੀ ਪਾਏ ॥**
**ਜੇ ਕੋਈ ਹੋਤ ਭਯੋ ਜਗਿ ਸਿਆਨਾ ॥ ਤਿਨ ਤਿਨ ਅਪਨੋ ਪੰਥੁ ਚਲਾਨਾ ॥੧੪॥**
**ਪਰਮ ਪੁਰਖ ਕਿਨਹੂੰ ਨਹ ਪਾਯੋ ॥ ਬੈਰ ਬਾਦ ਅਹੰਕਾਰ ਬਢਾਯੋ ॥**
**ਪੇਡ ਪਾਤ ਆਪਨ ਤੇ ਜਲੈ ॥ ਪ੍ਰਭ ਕੈ ਪੰਥ ਨ ਕੋਊ ਚਲੈ ॥੧੫॥**
**ਜਿਨਿ ਜਿਨਿ ਤਨਕ ਸਿਧ ਕੋ ਪਾਯੋ ॥ ਤਿਨਿ ਤਿਨਿ ਅਪਨਾ ਰਾਹੁ ਚਲਾਯੋ ॥**
**ਪਰਮੇਸਰ ਨ ਕਿਨਹੂੰ ਪਹਿਚਾਨਾ ॥ ਮਮ ਉਚਾਰ ਤੇ ਭਯੋ ਦਿਵਾਨਾ ॥੧੬॥**
**ਪਰਮ ਤੱਤ ਕਿਨਹੂੰ ਨ ਪਛਾਨਾ ॥ ਆਪ ਆਪ ਭੀਤਰਿ ਉਰਝਾਨਾ ॥**
**ਤਬ ਜੇ ਜੇ ਰਿਖਰਾਜ ਬਨਾਏ ॥ ਤਿਨ ਆਪਨ ਪੁਨ ਸਿੰਮ੍ਰਿਤ ਚਲਾਏ ॥੧੭॥**
**ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥ ਤਿਨਿ ਤਿਨਿ ਕ੍ਰਿਆ ਬ੍ਰਹਮ ਕੀ ਤਿਆਗੀ ॥**
**ਜਿਨ ਮਨ ਹਰਿ ਚਰਨਨ ਠਹਿਰਾਯੋ ॥ ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥੧੮॥**
**ਬ੍ਰਹਮਾ ਚਾਰ ਹੀ ਬੇਦ ਬਨਾਏ ॥ ਸਰਬ ਲੋਕ ਤਿਹ ਕਰਮ ਚਲਾਏ ॥**
**ਜਿਨ ਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥੧੯॥**
**ਜਿਨ ਮਤ ਬੇਦ ਕਤੇਬਨ ਤਿਆਗੀ ॥ ਪਾਰਬ੍ਰਹਮ ਕੇ ਭਏ ਅਨੁਰਾਗੀ ॥**
**ਤਿਨ ਕੇ ਗੂੜ੍ਹ ਮੱਤ ਜੇ ਚਲਹੀ ॥ ਭਾਂਤਿ ਅਨੇਕ ਦੁਖਨ ਸੋ ਦਲ ਹੀ ॥੨੦॥**
**ਜੇ ਜੇ ਸਹਿਤ ਜਾਤਨ ਸੰਦੇਹਿ ॥ ਪ੍ਰਭ ਕੋ ਸੰਗਿ ਨ ਛੋਡਤ ਨੇਹ ॥**
**ਤੇਤੇ ਪਰਮ ਪੁਰੀ ਕਹ ਜਾਹੀ ॥ ਤਿਨ ਹਰਿ ਸਿਉ ਅੰਤਰੁ ਕਛੁ ਨਾਹੀ ॥੨੧॥**

**ਜੇ ਜੇ ਜੀਯ ਜਾਤਨ ਤੇ ਡਰੈ ॥ ਪਰਮ ਪੁਰਖ ਤਜਿ ਤਿਨ ਮਗ ਪਰੈ ॥**
**ਤੇਤੇ ਨਰਕ ਕੁੰਡ ਮੋ ਪਰ ਹੀ ॥ ਬਾਰ ਬਾਰ ਜਗ ਮੋ ਬਪੁ ਧਰ ਹੀ ॥੨੨ ॥**
**ਤਬ ਹਰਿ ਬਹੁਰ ਦੱਤ ਉਪਜਾਇਓ ॥ ਤਿਨ ਭੀ ਅਪਨਾ ਪੰਥੁ ਚਲਾਇਓ ॥**
**ਕਰ ਮੋ ਨਖ ਸਿਰ ਜਟਾਂ ਸਵਾਰੀ ॥ ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ ॥੨੩ ॥**
**ਪੁਨਿ ਹਰਿ ਗੋਰਖ ਕੋ ਉਪਰਾਜਾ ॥ ਸਿਖ ਕਰੇ ਤਿਨਹੂੰ ਵਡ ਰਾਜਾ ॥**
**ਸ੍ਰਵਨ ਫਾਰਿ ਮੁਦ੍ਰਾ ਦੁਐ ਡਾਰੀ ॥ ਹਰਿ ਕੀ ਪ੍ਰੀਤਿ ਰੀਤਿ ਨ ਬਿਚਾਰੀ ॥੨੪ ॥**
**ਪੁਨਿ ਹਰਿ ਰਾਮਾਨੰਦ ਕੋ ਕਰਾ ॥ ਭੇਸ ਬੈਰਾਗੀ ਕੋ ਜਿਨ ਧਰਾ ॥**
**ਕੰਠੀ ਕੰਠਿ ਕਾਠ ਕੀ ਡਾਰੀ ॥ ਪ੍ਰਭ ਕੀ ਕ੍ਰਿਆ ਨ ਕਛੂ ਵਿਚਾਰੀ ॥੨੫ ॥**
**ਜੇ ਪ੍ਰਭੁ ਪਰਮ ਪੁਰਖ ਉਪਜਾਏ ॥ ਤਿਨ ਤਿਨ ਅਪਨੇ ਰਾਹ ਚਲਾਏ ॥**
**ਮਹਾਦੀਨ ਤਬ ਪ੍ਰਭ ਉਪਰਾਜਾ ॥ ਅਰਬ ਦੇਸ ਕੋ ਕੀਨੋ ਰਾਜਾ ॥੨੬ ॥**
**ਤਿਨ ਭੀ ਏਕ ਪੰਥ ਉਪਰਾਜਾ ॥ ਲਿੰਗ ਬਿਨਾ ਕੀਨੇ ਸਭ ਰਾਜਾ ॥**
**ਸਭ ਤੇ ਅਪਨਾ ਨਾਮੁ ਜਪਾਯੋ ॥ ਸਤਿਨਾਮੁ ਕਾਹੂੰ ਨ ਦ੍ਰਿੜ੍ਹਾਯੋ ॥੨੭ ॥**
**ਸਬ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂੰ ਨ ਪਛਾਨਾ ॥**
**(ਬਚਿਤ੍ਰ ਨਾਟਕ, ਅਧਿਆਇ ੬)**

ਇਸ ਸਮੁਚੇ ਸ੍ਰੀ ਦਸਮੇਸ਼ ਜੀ ਦੇ ਮੁਖਵਾਕ ਦਾ ਤੱਤ ਭਾਵ ਇਹ ਹੈ ਕਿ ਹੁਕਮ ਦੀ ਖੇਡ ਤਾਂ ਹਰੇਕ ਉਪਰ ਹੀ ਵਰਤਦੀ ਹੈ, ਪ੍ਰੰਤੂ ਹੁਕਮ ਦੀ ਤੱਤ-ਵਿਵੇਚਨੀ ਖੇਡ ਤੋਂ ਘੁਥੇ ਹੋਏ ਸਾਰੇ ਪੀਰ ਪੈਗ਼ੰਬਰ ਔਲੀਆ ਭਟਕਦੇ ਹੀ ਗਏ। ਸੇਈ ਪਾਰ ਪਏ ਜਿਨ੍ਹਾਂ ਨੇ ਹੁਕਮ ਦੀ ਖੇਡ ਨੂੰ ਮਨ ਬਚਨ ਕਰਮ ਕਰਕੇ ਮੰਨਿਆ। ਹੁਕਮ ਦੀ ਖੇਡ ਨੂੰ ਮੰਨਣਹਾਰੇ ਗੁਰੂ ਘਰ ਦੇ ਗੁਰਮੁਖ ਜਨ ਹੀ ਨਿਸਤਾਰੇ ਜਾਂਦੇ ਹਨ।

ਉਪਰਲੇ ਸ੍ਰੀ ਦਸਮੇਸ਼ ਗੁਰਵਾਕ ਦੇ ਭਾਵ ਤੋਂ ਸਾਫ਼ ਸਪੱਸ਼ਟ ਸਿੱਧ ਹੋਇਆ ਹੁਕਮ ਦੀ ਖੇਡ ਅਸਲ ਅਨੁਸਾਰੀ ਗੁਰੂ ਵਰੋਸਾਇ, ਗੁਰੂ ਘਰ ਦੇ ਗੁਰਮੁਖ ਜਨ ਹੀ ਹੋ ਸਕਦੇ ਹਨ, ਹੋਰ ਸਭ ਲੁਕਾਈ ਇਸ ਹੁਕਮ ਦੀ ਖੇਡ ਅਨੁਸਾਰਤਾ ਤੋਂ ਅਵੇਸਲੀ ਹੀ ਰਹਿੰਦੀ ਹੈ। ਨਾ ਕਿਸੇ ਨੂੰ ਨਾਮ ਪ੍ਰਾਪਤ ਹੁੰਦਾ ਹੈ, ਨਾ ਕਿਸੇ ਨੂੰ ਹੁਕਮ ਦੀ ਖੇਡ ਦਾ ਪਤਾ ਲਗਦਾ ਹੈ। ਇਹ ਗੁਰਮੁਖ ਜਨ ਹੀ ਹਨ ਜੋ ਨਾਮ ਰੂਪੀ ਹੁਕਮ ਦੀ ਖੇਡ ਦੀ ਸਾਰ ਨੂੰ ਮਨ ਬਚਨ ਕਰਮ ਕਰਕੇ ਹੀ ਪਛਾਣ ਸਕਦੇ ਹਨ। ਯਥਾ ਗੁਰਵਾਕ:-

**ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ ॥**
**ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥**
**ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ ॥**
**ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥**
**ਨਾਨਕ ਕਿਰਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ ॥੧੮ ॥**
**ਮਨਮੁਖਿ ਹੁਕਮੁ ਨ ਬੁਝੈ ਬਪੁੜੀ ਨਿਤ ਹਉਮੈ ਕਰਮ ਕਮਾਇ ॥**
**ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ... ॥੧੯ ॥**
**(ਸਲੋਕ ਮ. ੪, ਵਾਰਾਂ ਤੇ ਵਧੀਕ, ਪੰਨਾ : ੧੪੨੩)**

**ਵਿਆਖਿਆ:-** ਇਹ ਕੇਵਲ ਗੁਰਮੁਖ ਜਨ ਹੀ ਹਨ ਜੋ ਸੱਚੇ ਸਹੁ ਪਤੀ ਪ੍ਰਮੇਸ਼ੂਰ ਵਾਹਿਗੁਰੂ ਦਾ ਨਾਮ ਰੂਪੀ ਹੁਕਮ ਮੰਨਦੇ ਹਨ ਅਤੇ ਮੰਨ ਕੇ ਕਮਾਉਂਦੇ ਹਨ। ਅਤੇ ਉਨ੍ਹਾਂ ਨੂੰ ਹੁਕਮ ਦੇ ਮੰਨਣ ਵਿਚ ਹੀ ਸੱਚੇ ਸੁਖ ਦੀ ਪ੍ਰਾਪਤੀ ਹੈ। ਉਹ ਗੁਰਮੁਖ ਜਨ ਨਾਮ ਰੂਪੀ ਹੁਕਮ ਦੀ ਖੇਡ ਮੰਨ ਕੇ ਕਮਾਉਣ ਵਾਲੇ ਨਾਮ ਜਪਣ ਵਿਚ ਹੀ, ਅਰਥਾਤ ਨਾਮ ਰੂਪੀ ਹੁਕਮ ਕਮਾਉਣ ਵਿਚ ਹੀ ਸਦਾ ਸਾਵਧਾਨ ਰਹਿੰਦੇ ਹਨ ਤੇ ਹਰ ਦਮ ਨਾਮ ਨੂੰ ਹੀ ਸਿਮਰਦੇ ਰਹਿੰਦੇ ਹਨ। ਵੇਲੇ ਕੁਵੇਲੇ ਇਸ ਬਿਧਿ ਸਿਮਰਦੇ ਸਿਮਰਦੇ ਹੀ ਨਾਮ ਵਿਚ ਸਮੱਾ ਜਾਂਦੇ ਹਨ ਅਤੇ ਸਮਾਇ ਹੀ ਰਹਿੰਦੇ ਹਨ। ਉਨ੍ਹਾਂ ਗੁਰਮੁਖ ਜਨਾਂ ਦੇ ਨਿਕਟ ਹੁਕਮ ਹੀ ਵਰਤ ਨੇਮ ਸੁਚ ਸੰਜਮ ਆਦਿਕ ਕਰਮ ਹਨ। ਅਰਥਾਤ ਨਾਮ ਰੂਪੀ ਹੁਕਮ ਨੂੰ ਮੰਨਦੇ ਹੋਏ ਤਿਨ੍ਹਾਂ ਗੁਰਮੁਖ ਜਨਾਂ ਨੂੰ ਵਰਤ ਨੇਮ ਸੁਚ ਸੰਜਮ ਆਦਿਕ ਅਨਮਤੀ ਕਰਮਾਂ ਦੇ ਕਰਨ ਦੀ ਲੋੜ ਨਹੀਂ ਰਹਿੰਦੀ। ਕੇਵਲ ਨਾਮ ਰੂਪੀ ਹੁਕਮ ਨੂੰ ਬੁਝਣਹਾਰੇ, ਅਰਥਾਤ ਨਾਮ ਰੂਪੀ ਹੁਕਮ ਨੂੰ ਕਮਾਉਣਹਾਰੇ ਗੁਰਮੁਖ ਜਨ ਹੀ ਸਦ-ਸਦੀਵੀ ਸੁਹਾਗਵੰਤੇ ਹਨ। ਉਹ ਗੁਰਮੁਖ ਜਨ ਵਾਹਿਗੁਰੂ ਨੂੰ ਸੱਚੀ ਲਿਵਤਾਰ ਵਿਚ ਸੇਵੰਦੇ ਸਿਮਰਦੇ ਰਹਿੰਦੇ ਹਨ। ਜਿਨ੍ਹਾਂ ਗੁਰਮੁਖ ਜਨਾਂ ਉਪਰ ਗੁਰੂ ਨਾਨਕ ਸਾਹਿਬ ਦੀ ਸੱਚੀ ਮੇਹਰ-ਨਦਰ ਹੁੰਦੀ ਹੈ ਤਿਨ੍ਹਾਂ ਗੁਰਮੁਖ ਜਨਾਂ ਨੂੰ ਵਾਹਿਗੁਰੂ ਨਾਮ ਰੂਪੀ ਸੱਚੇ ਹੁਕਮ ਦਾ ਅਨੁਸਾਰੀ ਬਣਾ ਕੇ ਆਪਣੇ ਸਰੂਪ ਵਿਚ ਮਿਲਾ ਲੈਂਦਾ ਹੈ। ਹੋਰ ਸਾਰੀ ਲੁਕਾਈ ਇਸ ਨਾਮ ਰੂਪੀ ਹੁਕਮ ਦੀ ਕਮਾਈ ਤੋਂ ਘੁਥੀ ਹੀ ਫਿਰਦੀ ਰਹਿੰਦੀ ਹੈ। ਆਪੋ ਆਪਣੀ ਹਉਮੈ ਅਨੁਸਾਰੀ ਆਨਮਤੀ ਅਨਿਕ ਪ੍ਰਕਾਰ ਕਰਮਾਂ ਦੇ ਕਮਾਉਣ ਵਿਚ ਹੀ ਖਚਤ ਹੋਈ ਰਹਿੰਦੀ ਹੈ। ਨਿਤਾਪ੍ਰਤਿ ਨਾਮ ਰੂਪੀ ਹੁਕਮ ਦੀ ਖੇਡ ਤੋਂ ਵਾਂਝੇ ਹੋਏ ਜੀਵ ਹਉਮੈ ਦੇ ਕਰਮ ਹੀ ਕਮਾਉਂਦੇ ਹਨ। ਇਹ ਹਉਮੈ ਦੇ ਕਰਮ ਸਾਰੇ ਆਨਮਤੀ ਕਰਮ ਹੀ ਹਨ। ਸੱਚੀ ਗੁਰਮਤਿ ਕਰਨੀ ਤੋਂ ਘੁੱਥਿਆਂ ਹੋਇਆਂ ਮਨਮੁਖੀ ਜੀਵਾਂ ਨੂੰ ਕਦੇ ਸੱਚੇ ਸੁਖ ਪ੍ਰਾਪਤ ਹੀ ਨਹੀਂ ਹੁੰਦੇ ਅਤੇ ਉਹ ਅਭਾਗੇ ਹਉਮੈ ਗ੍ਰਸੇ ਮਨਮੁਖੀ ਪੁਰਸ਼ ਆਨਮਤੀ ਕਰਮ ਵਰਤ ਨੇਮ ਸੁੱਚ ਸੰਜਮ ਆਦਿਕ (ਜੋ ਨਿਰੇ ਪਖੰਡ ਕਰਮ ਹਨ) ਕਰਦੇ ਰਹਿੰਦੇ ਹਨ। ਇਨ੍ਹਾਂ ਦੇ ਕਰਨ ਕਰਕੇ ਇਨ੍ਹਾਂ ਮਨਮੁਖੀਆਂ ਦਾ ਹਉਮੈ ਰੂਪੀ ਭਰਮ ਜਾਂਦਾ ਹੀ ਨਹੀਂ। ਨਾਮ ਰੂਪੀ ਹੁਕਮ ਦੀ ਖੇਡ ਨੂੰ ਬੁਝਣਹਾਰੇ ਗੁਰਮੁਖ ਜਨ ਹੀ ਇਸ ਤੱਤ ਨੂੰ ਪਛਾਣ ਸਕਦੇ ਹਨ। ਇਹ ਹੁਕਮ ਦੀ ਖੇਡ ਰੂਪੀ ਨਾਮ ਪ੍ਰਸਾਦਿ ਕੇਵਲ ਸੱਚੇ ਸਤਿਗੁਰੂ, ਸਤਿਗੁਰ ਨਾਨਕ ਸਾਹਿਬ ਦਵਾਰਾ ਹੀ ਜਾਣਿਆ ਜਾ ਸਕਦਾ ਹੈ। ਯਥਾ ਗੁਰਵਾਕ:-

**ਹੁਕਮੈ ਬੂਝੈ ਤਤੁ ਪਛਾਣੈ ॥ ਇਹੁ ਪਰਸਾਦੁ ਗੁਰੂ ਤੇ ਜਾਣੈ... ॥੨ ॥ ( ॥੨੪ ॥)**
**(ਮ. ੧, ਵਾਰ ਮਲਾਰ, ਪੰਨਾ :੧੨੮੯)**

ਜੋ ਪ੍ਰਾਣੀ ਇਸ ਹੁਕਮ ਰੂਪੀ ਸੱਚੀ ਖੇਡ ਤੋਂ ਮੁਨਹਰਫ਼ (ਮੁਨਕਰ) ਹਨ ਉਹ ਆਪਣੀ ਹਉਮੈ ਰੂਪੀ ਮੂਰਖਤਾ ਅਤੇ ਗਵਾਰਪੁਣੇ ਦੇ ਸਿਲਸਿਲੇ ਵਿਚ ਹੀ ਸਦਾ ਭੌਂਦੇ ਰਹਿੰਦੇ ਹਨ।

ਵਾਹਿਗੁਰੂ ਦੀ ਸੱਚੀ ਹੁਕਮ ਰੂਪੀ ਖੇਡ ਦੀ ਸਿਫ਼ਤ ਸਲਾਹ ਗੁਰੂ ਨਾਨਕ ਸਾਹਿਬ ਦੇ ਦਰਗਾਹੀ ਦਰਬਾਰ ਤੋਂ ਹੀ ਪ੍ਰਾਪਤ ਹੁੰਦੀ ਹੈ। ਇਹ ਸਭ ਹੁਕਮ ਦੀ ਖੇਡ ਤੋਂ ਭ੍ਰਮਣ ਦੇ ਹੀ ਕਾਰੇ ਹਨ। ਵਾਹਿਗੁਰੂ ਦੀ ਜਿਸ ਗੁਰਮੁਖ ਜਨ ਉਪਰ ਨਦਰਿ ਮਿਹਰ ਹੁੰਦੀ ਹੈ ਉਸ ਤੋਂ ਹੀ ਇਹ ਹਉਮੈ ਰੂਪੀ ਭਰਮ ਚੁਕਾਇਆ ਜਾਂਦਾ ਹੈ। ਅਜਿਹੀ ਮਨਮੁਖਤਾ ਰੂਪੀ ਭਰਮਾਂ ਦੇ ਬੰਧਨਾਂ ਤੋਂ ਜੋ ਗੁਰਮੁਖ ਜਨ ਮੁਕਤ ਹੋ ਜਾਂਦੇ ਹਨ, ਉਹੀ ਗੁਰਮੁਖ ਜਨ ਸੱਚੇ ਹੁਕਮ ਦੀ ਖੇਡ ਨੂੰ ਬੁਝ ਸਕਦੇ ਹਨ। ਤਿਨ੍ਹਾਂ ਹੁਕਮ ਦੀ ਖੇਡ ਨੂੰ ਸੱਚ-ਸਾਰਤਾ ਵਿਚ ਪਛਾਨਣਹਾਰੇ ਗੁਰਮੁਖ ਜਨਾਂ ਨੂੰ ਹੀ ਸੱਚੇ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ।

**ਯਥਾ ਗੁਰਵਾਕ:-**
**ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪ ॥੩ ॥**
**(ਬਸੰਤੁ ਮ. ੧, ਪੰਨਾ : ੧੧੬੯)**
**ਨਦਰਿ ਕਰੇ ਤਾਂ ਭਰਮੁ ਚੁਕਾਏ ॥ ਹੁਕਮੈ ਬੂਝੈ ਤਾਂ ਸਾਚਾ ਪਾਏ ॥੪ ॥ ( ॥੫ ॥੪ ॥)**
**(ਬਸੰਤੁ ਮ. ੩, ਪੰਨਾ : ੧੧੭੯)**

ਇਸ ਹੁਕਮ ਦੀ ਖੇਡ ਨੂੰ ਬਿਨਾਂ ਬੁਝੇ ਤੇ ਜਾਣੇ ਦੇ ਸਭ ਕੋਈ ਇਕੋ ਅਕਾਲ ਪੁਰਖ ਦਾ ਆਪਣੀ ਮਨ-ਮੰਨੀ ਬੂਝ ਅਨੁਸਾਰ ਵਾਕਫ਼ਕਾਰ ਬਣਿਆ ਫਿਰਦਾ ਹੈ, ਪ੍ਰੰਤੂ ਜਿਸ ਗੁਰਮੁਖ ਜਨ ਨੂੰ ਇਸ ਹੁਕਮ ਰੂਪੀ ਖੇਡ ਦੀ ਸੱਚੀ ਬੁਝਾਰਤ ਗੁਰਦਵਾਰਿਓਂ (ਗੁਰੂ ਨਾਨਕ ਸਾਹਿਬ ਦੇ ਦਵਾਰਿਓਂ) ਆਉਂਦੀ ਹੈ ਤਿਸੇ ਗੁਰਮੁਖ ਜਨ ਨੂੰ ਇਹ ਸੱਚੀ ਬੁਝਾਰਤ ਰੂਪੀ ਮੁਹਾਰਤ ਦੀ ਸੱਚੀ ਸੰਞਾਣ ਹੁੰਦੀ ਹੈ ਅਤੇ ਉਹ ਵਡਭਾਗਾ ਗੁਰਮੁਖ ਜਨ ਹੁਕਮ ਦੀ ਸੱਚੀ ਖੇਡ ਨੂੰ ਬੁਝਦਾ ਹੋਇਆ ਇਕ ਅਕਾਲ ਪੁਰਖ ਦੀ ਸੱਚੀ ਮਾਹੀਅਤ (ਅਸਲੀਅਤ) ਨੂੰ ਪਛਾਣ ਸਕਦਾ ਹੈ ਅਤੇ ਇਕੋ

ਅਕਾਲ ਪੁਰਖ ਦਾ ਮੰਨਣਹਾਰਾ ਬਣ ਸਕਦਾ ਹੈ। ਯਥਾ ਗੁਰਵਾਕ:-

**ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥( ॥੪॥੨॥੧੪॥)**

**(ਬਸੰਤੁ ਮ. ੩, ਪੰਨਾ : ੧੧੭੬)**

ਓੜਕ ਇਸ ਹੁਕਮ ਦਵਾਰਾ ਹੀ ਸੱਚਾ ਨਿਬੇੜਾ ਹੁੰਦਾ ਹੈ। ਯਥਾ ਗੁਰਵਾਕ:-

**ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ... ॥੨॥ ( ॥੫॥੨॥)**

**(ਧਨਾਸਰੀ ਮ. ੧ ਛੰਤ, ਪੰਨਾ : ੬੮੮)**

ਪ੍ਰੰਤੂ ਇਸ ਹੁਕਮ ਦੀ ਖੇਡ ਦੀ ਸੱਚੀ ਕਾਰ ਦਾ ਪਰਗਟ-ਪਹਾਰੇ ਜਾਪਣਾ ਵਿਰਲੇ ਗੁਰੂ-ਨਦਰਾਏ- ਗੁਰਮੁਖ ਜਨਾਂ ਨੂੰ ਹੀ ਨਸੀਬ ਹੁੰਦਾ ਹੈ, ਨਹੀਂ ਤਾਂ ਇਸ ਹੁਕਮ ਦੀ ਖੇਡ ਤੋਂ ਘੁੱਥੀ ਲੁਕਾਈ ਨੂੰ ਇਹ ਪਤਾ ਨਹੀਂ ਲਗਦਾ ਕਿ ਇਹ ਹੁਕਮ ਕੇਤੜਾ ਤੇ ਕੇਵਡ ਵੱਡਾ ਹੈ ਅਤੇ ਇਸ ਹੁਕਮ ਦੀ ਖੇਡ ਦੀ ਕਾਰ ਆਪੋਂ ਕਹੀ ਹੀ ਨਹੀਂ ਜਾ ਸਕਦੀ। ਯਥਾ ਗੁਰਵਾਕ:-

**ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ... ॥੧॥ ( ॥੧੧॥)**

**(ਵਾਰ ਸਾਰੰਗ, ਸਲੋਕੁ ਮ.੧, ਪੰਨਾ :੧੨੪੧)**

ਗੁਰਮਤਿ ਨਾਮ ਦਾ ਧਿਆਵਣਾ ਹੀ ਸਭ ਤੋਂ ਵਡੀ ਕਾਰ ਹੈ ਅਤੇ ਹੁਕਮਨ ਸਿਰ ਹੁਕਮ ਵਾਲੀ ਸੱਚੀ ਖੇਡ ਹੈ। ਯਥਾ ਗੁਰਵਾਕ:-

**ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ ॥**

**(ਸਿਰੀਰਾਗ ਕੀ ਵਾਰ, ਪਉੜੀ ੧੫, ਪੰਨਾ : ੮੯)**

ਇਹ ਬੰਦਾ ਹੁਕਮ ਦਾ ਬੱਧਾ ਹੋਇਆ, ਹੁਕਮ ਦੀ ਖੇਡ ਦਾ ਰੁਧਾ ਹੋਇਆ, ਹੁਕਮੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਸੰਸਾਰ ਵਿਚ ਆਉਂਦਾ ਜਾਂਦਾ ਹੈ। ਵਾਹਿਗੁਰੂ ਨਾਮ ਰੂਪੀ ਖੇਡ ਦਵਾਰਾ ਹੀ ਸਭਨਾਂ ਜੀਵ ਜਗਿਆਸੂਆਂ ਨੂੰ ਸਵਾਰਦਾ ਉਧਾਰਦਾ ਹੈ। ਤਾਂਤੇ ਨਾਮ-ਭਿੰਨੜੀ ਹੁਕਮ ਵਾਲੀ ਖੇਡ ਹੀ ਸਭ ਤੋਂ ਅਫ਼ਜ਼ਲ (ਸਰਬੋਤਮ) ਹੈ। ਯਥਾ ਗੁਰਵਾਕ:-

**ਹੁਕਮੀ ਆਇਆ ਹੁਕਮੁ ਨ ਬੂਝੈ ਹੁਕਮਿ ਸਵਾਰਣਹਾਰਾ.... ॥੩॥( ॥੫॥੨॥)**

**(ਧਨਾਸਰੀ ਮ. ੧ ਛੰਤ, ਪੰਨਾ : ੬੮੮)**

ਪੂਰੈ ਗੁਰੂ ਦਵਾਰਾ ਹੀ ਨਾਮ ਰੂਪੀ ਸੱਚੀ ਹੁਕਮ ਵਾਲੀ ਖੇਡ ਮਿਲਦੀ ਹੈ ਅਤੇ ਹੁਕਮ ਦੀ ਖੇਡ ਅੰਦਰ ਹੀ ਨਾਮ ਦੀ ਸੱਚੀ ਕਮਾਈ ਕਰ ਕੇ ਸੱਚੇ ਵਾਹਿਗੁਰੂ ਵਿਚ ਸਮਾਈਦਾ ਹੈ। ਯਥਾ ਗੁਰਵਾਕ:-

**ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥**

**ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ ॥੨੧॥**

**(ਰਾਮਕਲੀ ਸਿਧ ਗੋਸਟਿ ਮ. ੧, ਪੰਨਾ : ੯੪੦)**

ਹੁਕਮ ਦੀ ਖੇਡ ਵਾਲੀ ਗਤਿ ਮਿਤਿ ਨਾਮ ਗੁਰਮੰਤਰ-ਮਈ ਦੀਖਿਆ ਦਵਾਰਾ ਹੀ ਪਾਈਦੀ ਹੈ। ਗੁਰਮੁਖਾਂ ਵਾਲੀ ਸੱਚੀ ਕਾਰ ਨਾਮ ਰੂਪੀ ਸੱਚੀ ਖੇਡ ਹੀ ਹੈ, ਜਿਸ ਨਾਮ ਰੂਪੀ ਹੁਕਮ ਦਵਾਰਾ ਹੀ ਜਗਿਆਸੂ ਸੱਚੇ ਵਾਹਿਗੁਰੂ ਦੇ ਸਰੂਪ ਵਿਚ ਹੀ ਸਮੱਾ ਜਾਂਦਾ ਹੈ। ਤਾਂਤੇ ਨਾਮ ਮਈ ਸੱਚੀ ਹੁਕਮ ਦੀ ਖੇਡ ਦਵਾਰਾ ਹੀ ਆਉਂਦਾ ਜਾਂਦਾ ਹੈ। ਯਥਾ ਗੁਰਵਾਕ:-

**ਹੁਕਮੇ ਆਵੈ ਹੁਕਮੇ ਜਾਵੈ ॥ ਬੂਝੈ ਹੁਕਮੁ ਸੁ ਸਾਚਿ ਸਮਾਵੈ ॥**

**ਨਾਨਕ ਸਾਚੁ ਮਿਲੈ ਮਨ ਭਾਵੈ ਗੁਰਮੁਖਿ ਕਾਰ ਕਮਾਈ ਹੇ ॥੧੬॥੫॥**

**(ਮਾਰੂ ਮ. ੧, ਪੰਨਾ : ੧੦੨੫)**

ਇਹ ਵਾਹਿਗੁਰੂ ਦੇ ਹੁਕਮ ਦੀ ਖੇਡ ਹੀ ਹੈ ਕਿ ਜਗਿਆਸੂ ਨੂੰ ਦਿਨ ਰਾਤ ਸਾਸ ਗਿਰਾਸ ਨਾਮ ਜਪਾਂਦੀ ਹੈ। ਤਾਂਤੇ ਨਾਮ ਜਪਣਾ ਹੀ ਹੁਕਮ ਦੀ ਸੱਚੀ ਖੇਡ ਹੈ। ਹੁਕਮ ਦੀ ਖੇਡ ਵਾਲੀ ਸੱਚੀ ਦਾਤਿ ਤਿਸੇ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਉਪਰ ਗੁਰੂ ਨਾਨਕ ਸਾਹਿਬ ਦੀ ਨਦਰ ਹੋਵੇ। ਯਥਾ ਗੁਰਵਾਕ:-

**ਹੁਕਮੇ ਨਾਮੁ ਜਪੈ ਦਿਨੁ ਰਾਤਿ ॥ ਨਾਨਕ ਜਿਸ ਨੋ ਹੋਵੈ ਦਾਤਿ... ॥੨॥( ॥੧੧॥)**

**(ਮ. ੫, ਵਾਰ ਰਾਮਕਲੀ, ਪੰਨਾ : ੯੬੨)**

ਤਾਂਤੇ ਇਹ ਭਲੀ ਪ੍ਰਕਾਰ ਸਿਧ ਹੋਇਆ ਕਿ ਨਾਮ ਅਰਾਧਣਾ ਹੀ ਹੁਕਮ ਦੀ ਸੱਚੀ ਖੇਡ ਵਿਚ ਪਾਗਣਾ ਹੈ (ਲਿਵਲੀਨ ਹੋਣਾ ਹੈ)। ਹੁਕਮ ਦੀ ਖੇਡ ਅਤੇ ਨਾਮ ਅਰਾਧਣ ਵਾਲੀ ਸੱਚੀ ਕਾਰ ਵਿਚ ਰੰਚਕ ਵੀ ਫ਼ਰਕ ਨਹੀਂ। ਜੋ ਗੁਰਮੁਖ ਜਨ ਨਾਮ ਜਪ ਜਪ ਕੇ ਵਾਹਿਗੁਰੂ ਨਾਮੀ ਵਿਚ ਸਮਾ ਜਾਂਦਾ ਹੈ ਉਹ ਜਨ ਹੁਕਮ ਦੀ ਖੇਡ ਵਾਲੀ ਹੀ ਸੱਚੀ ਕਾਰ ਕਮਾਂਵਦਾ ਹੈ। ਧੁਰੋਂ ਆਈ ਹੁਕਮ ਦੀ ਖੇਡ ਵਾਲੀ ਕਾਰ ਤੱਤ ਸਾਰ ਨਾਮ ਜਪਣਾ ਹੀ ਹੈ। ਤਾਂਤੇ ਜੋ ਗੁਰਮੁਖ ਜਨ ਨਾਮ ਜਪਣ ਵਾਲੀ ਸੱਚੀ ਕਾਰ ਕਮਾਉਂਦੇ ਹਨ ਉਹ ਵਾਸਤਵ ਵਿਚ ਹੁਕਮ ਦੀ ਖੇਡ ਵਿਚ ਹੀ ਜਾਇ ਸਮਾਉਂਦੇ ਹਨ। ਨਾਮ ਰੂਪੀ ਸੱਚੀ ਕਾਰ ਕਮਾਉਂਦੇ ਹੋਏ ਉਹ ਬੈਖ਼ੀਦ ਬੰਦੇ ਸਦਾ ਹੁਕਮ ਦੀ ਖੇਡ ਵਾਲੀ ਸੱਚੀ ਕਾਰ ਵਿਚ ਹੀ ਲੀਨ ਰਹਿੰਦੇ ਹਨ। ਸਾਹਿਬ ਸੱਚੇ ਵਾਹਿਗੁਰੂ ਦਾ ਹੁਕਮ ਮਨ ਬਚਨ ਕਰਮ ਕਰਕੇ ਪਛਾਨਣਹਾਰੇ ਉਹੀ ਗੁਰਮੁਖ ਜਨ ਹਨ, ਜੋ ਹੁਕਮ ਦੀ ਸੱਚੀ ਖੇਡ ਨੂੰ ਪਛਾਣਦੇ ਹਨ। ਹੁਕਮ ਦੀ ਖੇਡ ਵਿਚ ਹੀ ਉਹ ਸਦਾ ਤ੍ਰਿਪਤਾਉਂਦੇ ਹਨ ਅਤੇ ਸਾਸ ਗਿਰਾਸ ਨਾਮ ਜਪਦੇ ਹੋਏ ਮੌਲਦੇ ਹੀ ਰਹਿੰਦੇ ਹਨ। ਸਫਲ ਕਮਾਈ ਤਿਨ੍ਹਾਂ ਗੁਰਮੁਖ ਜਗਿਆਸੂਆਂ ਦੀ ਹੀ ਥਾਇ ਪੈਂਦੀ ਹੈ ਜੋ ਨਾਮ ਕਮਾਵਣ ਰੂਪੀ ਹੁਕਮ ਦੀ ਸੱਚੀ ਖੇਡ ਨੂੰ ਇਕ-ਮਿਕ ਕਰਕੇ ਜਾਣਦੇ ਹਨ ਅਤੇ ਨਾਮ ਕਮਾਵਣ ਵਾਲੀ ਕਾਰ ਨੂੰ ਹੀ ਹੁਕਮ ਵਾਲੀ ਸੱਚੀ ਖੇਡ ਮਨ-ਬਚਨ-ਕਰਮ ਕਰਕੇ ਜਾਣਦੇ ਪਛਾਣਦੇ ਹਨ। ਗੁਰਮਤਿ ਅੰਦਰ ਹੁਕਮ ਦੀ ਖੇਡ ਅਤੇ ਗੁਰਮਤਿ ਨਾਮ ਕਮਾਵਣ ਵਾਲੀ ਕਾਰ ਭਿੰਨ ਭਿੰਨ ਨਹੀਂ, ਇਕੋ ਹੀ ਸਾਰ-ਗ੍ਰਾਹੀ ਅਰਥ ਦੋਹਾਂ ਦੇ ਹਨ। ਭਾਵ ਨਾਮ ਅਰਾਧਣਾ ਹੀ ਹੁਕਮ ਦੀ ਖੇਡ ਵਿਚ ਵਰਤਣਾ ਹੈ। ਜਿਨ੍ਹਾਂ ਗੁਰਮੁਖ ਜਨਾਂ ਤੋਂ ਗੁਰੂ ਵਾਹਿਗੁਰੂ ਨੇ ਨਾਮ ਜਪਾ ਲਿਆ ਤਿਨ੍ਹਾਂ ਨੂੰ ਹੁਕਮ ਮੰਨਣ ਵਾਲੀ ਸੱਚੀ ਖੇਡ ਵਿਚ ਸਮਾ ਲਿਆ।

ਹੁਕਮ ਮੰਨਣ ਵਾਲੇ ਗੁਰਮੁਖ ਜਨ ਹੀ ਇਸ ਸੰਸਾਰ ਸਾਗਰ ਦੀ ਸਾਰ-ਗ੍ਰਾਹੀ ਸੇਵਾ ਲਈ, ਸਿਮਰਨ ਸੇਵਨ ਵਾਲੇ, ਸੱਚੀ ਹੁਕਮ ਦੀ ਖੇਡ ਦੇ ਅਸਲ ਕਾਰਿੰਦੇ (ਕਾਰ ਕਮਾਵਣ ਵਾਲੇ) ਹਨ। ਸਭ ਕੁਛ ਵਾਹਿਗੁਰੂ ਦੇ ਹੁਕਮ ਦੀ ਖੇਡ ਵਿਚ ਹੀ ਵਰਤ ਰਿਹਾ ਹੈ। ਸਭ ਤੋਂ ਉਚੇਚਾ ਹੁਕਮ ਵਾਹਿਗੁਰੂ ਦਾ ਨਾਮ ਜਪਣਾ ਹੀ ਹੈ।

ਤਾਂਤੇ ਗੁਰਬਾਣੀ ਅੰਦਰ ਜਿਥੇ ਕਿਥੇ ਵੀ ਹੁਕਮ ਦੀ ਖੇਡ ਵਾਲੇ ਵਰਤਾਰੇ ਦਾ ਜ਼ਿਕਰ ਆਉਂਦਾ ਹੈ ਉਸ ਤੋਂ ਸਪੱਸ਼ਟ ਭਾਵ ਨਾਮ ਦੇ ਜਪਣ ਅਰਾਧਣ ਦਾ ਹੀ ਹੈ। ਜਿਸ ਗੁਰਮੁਖ ਜਗਿਆਸੂ ਨੇ ਨਾਮ ਜਪਣ ਵਾਲੀ ਸੱਚੀ ਕਾਰ-ਕਮਾਈ ਕਰ ਲਈ ਉਸੇ ਨੇ ਹੀ ਹੁਕਮ ਦੀ ਖੇਡ ਵਾਲੀ ਸੱਚੜੀ ਦਾਤਿ ਵਰ ਲਈ। ਹੁਕਮ ਦੀ ਖੇਡ ਵਿਚ ਵਰਤਣਾ ਨਾਮ-ਨਿਧਾਨੀ ਸੱਚੜੀ ਕਾਰ-ਕਮਾਈ ਕਰਨਾ ਹੀ ਹੈ।

ਅੰਤੀ ਹੁਕਮ ਦੀ ਖੇਡ ਦਾ ਨਿਬੇੜਾ ਨਾਮ ਜਪਣ ਦੀ ਸੱਚੀ ਕਾਰ ਤੇ ਹੀ ਮੁਨਹੱਸਰ ਹੈ। ਇਸ ਨਿਬੇੜ ਦਵਾਰਾ ਹੀ ਸਮੁੱਚਾ ਭਰਮ ਚੁਕਿਆ ਜਾਂਦਾ ਹੈ। ਇਹ ਭਰਮ ਗੁਰੂ ਦਵਾਰਾ ਹੀ ਚੁਕਾਇਆ ਜਾ ਸਕਦਾ ਹੈ, ਗੁਰੂ ਦੇ ਹੁਕਮ ਵਾਲੀ ਖੇਡ ਮੰਨ ਕੇ ਹੀ। ਗੁਰੂ ਸੱਚਾ ਪਾਤਸ਼ਾਹ ਆਪਣੇ ਨਾਮ ਵਾਲੀ ਸੱਚੀ ਅਕੱਥ ਕਥਾ ਨੂੰ ਕਥ ਕੇ ਹੀ ਇਹ ਸਭ ਭਰਮ ਚੁਕਾਇੰਦਾ ਹੈ ਅਤੇ ਸੱਚ ਵਖਰ ਨਾਮ ਨੂੰ ਜਪਾ ਜਪਾ ਕੇ ਸੱਚੇ ਵਾਹਿਗੁਰੂ ਦੇ ਸਰੂਪ ਵਿਚ ਸਮਾਈ ਕਰਾਂਵਦਾ ਹੈ। ਆਪ ਹੀ ਵਾਹਿਗੁਰੂ ਸੱਚਾ ਪਾਤਸ਼ਾਹ ਹੁਕਮ ਵਾਲੀ ਸੱਚੀ ਖੇਡ ਨੂੰ ਉਪਾਇੰਦਾ ਹੈ, ਆਪ ਹੀ ਵਾਹਿਗੁਰੂ ਨਾਮ ਵਾਲੇ ਸੱਚੇ ਹੁਕਮ ਵਿਚ ਗੁਰਮੁਖ ਜਗਿਆਸੂ ਜਨ ਨੂੰ ਜਾਇ ਸਮਾਇੰਦਾ ਹੈ। ਸੋਈ ਜਨ ਹੀ ਹੁਕਮੀ ਵਾਹਿਗੁਰੂ ਦੇ ਸੱਚੇ ਹੁਕਮ ਦੀ ਖੇਡ ਨੂੰ ਹਕੀਕਤ ਵਿਚ ਪਛਾਣ ਸਕਦਾ ਹੈ। ਯਥਾ ਗੁਰਵਾਕ:-

**ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ ॥**

**ਗੁਰੁ ਭਰਮੁ ਚੁਕਾਏ ਅਕਥੁ ਕਹਾਏ ਸਚ ਮਹਿ ਸਾਚੁ ਸਮਾਣਾ ॥**

**ਆਪਿ ਉਪਾਇ ਆਪਿ ਸਮਾਏ ਹੁਕਮੀ ਹੁਕਮੁ ਪਛਾਣਾ... ॥੨॥( ॥੫॥੨॥)**

**(ਧਨਾਸਰੀ ਮ. ੧ ਛੰਤ, ਪੰਨਾ : ੬੮੮)**

ਬੱਸ ਏਥੇ ਹੀ ਹੁਕਮ ਦੀ ਖੇਡ ਦਾ ਨਿਬੇੜਾ ਸਮਝਣਾ ਉਚਿਤ ਹੈ ਅਤੇ ਏਥੇ ਹੀ ਹੁਕਮ ਖੇਡ ਵਾਲੇ ਮਜ਼ਮੂਨ ਨੂੰ ਨਿਬੇੜਿਆ ਜਾਂਦਾ ਹੈ।

■■

# ਅਚੇਤ ਸੁਪਨਾ...

**ਮਹਿਤਾਬ ਸਿੰਘ ਸਾਧਾਂਵਾਲਾ**

ਪਿੰਡ ਦੇ ਸਰਕਾਰੀ ਸਕੂਲ ਵਿਚ ਮਾਸਟਰੀ ਕਰਦੇ ਨੂੰ ਬਹੁਤ ਸਮਾਂ ਹੋ ਗਿਆ ਸੀ। ਸਾਲਾਂਬੱਧੀ ਉਹੀ ਸਿਲੇਬਸ, ਉਹੀ ਕਿਤਾਬਾਂ... ਜ਼ਿੰਦਗੀ ਵਿਚੋਂ ਰਸ ਖ਼ਤਮ ਹੋਣ ਲੱਗ ਗਿਆ ਸੀ। ਇਕ ਚੰਗੀ ਨੌਕਰੀ... ਇਹੀ ਤਾਂ ਸੁਪਨਾ ਸੀ ਮੇਰਾ। ਪਰ ਇਸ ਸੱਠ ਸਾਲਾਂ ਦੀ ਉਮਰ ਵਿਚ ਉਹੀ ਅੱਠ ਘੰਟਿਆਂ ਦਾ ਗ਼ੁਲਾਮ ਜਿਹਾ ਮਹਿਸੂਸ ਕਰਨ ਲੱਗ ਗਿਆ ਸੀ। ਜ਼ਿੰਦਗੀ ਦੇ ਇਸ ਪੜਾਅ 'ਤੇ ਤਾਂ ਮੈਨੂੰ ਸੁਪਨੇ ਆਉਣੇ ਵੀ ਬੰਦ ਹੋ ਗਏ ਸਨ। ਮੇਰੀ ਨੌਕਰੀ ਦੀ ਮਿਆਦ ਵੀ ਖ਼ਤਮ ਹੋਣ ਵਿਚ ਚੰਦ ਕੁ ਦਿਨ ਰਹਿ ਗਏ ਹਨ।

ਅੱਜ ਪਤਾ ਨਹੀਂ ਮਨ ਵਿਚ ਕੀ ਫ਼ੁਰਿਆ, ਸੋਚਿਆ ਕਿਉਂ ਨਾ ਆਪਣੇ ਵਿਦਿਆਰਥੀਆਂ ਨਾਲ ਵਿਸ਼ੇ ਤੋਂ ਬਾਹਰ ਗੱਲਬਾਤ ਕੀਤੀ ਜਾਵੇ। ਮੈਂ ਉਂਞ ਹੀ ਪੁੱਛ ਬੈਠਾ ਕਿ, "ਬੱਚਿਓ! ਤੁਹਾਡਾ ਸੁਪਨਾ ਕੀ ਹੈ?" ਪਹਿਲਾਂ ਤਾਂ ਬੱਚੇ ਹੈਰਾਨ ਜਿਹੇ ਹੋਏ ਕਿ ਇਹ ਮਾਸਟਰ ਜੀ ਨੂੰ ਕੀ ਹੋਇਆ ਪਰ ਫ਼ਿਰ ਉਨ੍ਹਾਂ ਨੇ ਜਵਾਬ ਦੇਣੇ ਸ਼ੁਰੂ ਕਰ ਦਿੱਤੇ;

ਇਕ ਕਹਿੰਦਾ ਕਿ, "ਮੈਂ ਵੱਡਾ ਹੋ ਕੇ ਡਾਕਟਰ ਬਣਨਾ ਹੈ", ਦੂਜਾ ਕਹਿੰਦਾ, "ਮੈਂ ਵਕੀਲ ਬਣਨਾ", ਕੋਈ ਕਹੇ ਮੈਂ ਇੰਜੀਨੀਅਰ ਬਣਨਾ। ਸਾਰੇ ਬੱਚੇ ਖਿੜ-ਖਿੜ ਕਰਦੇ ਆਪਣੇ ਸੁਪਨੇ ਦੱਸ ਰਹੇ ਸਨ। ਪਰ ਸ਼ਾਇਦ ਉਨ੍ਹਾਂ ਨੂੰ ਅਜੇ ਪਤਾ ਨਹੀਂ ਸੀ ਕਿ ਇਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਇਹ ਹਾਸਾ, ਇਹ ਬਚਪਨ ਛੱਡ... ਦੌੜ 'ਚ ਲੱਗਣਾ ਪੈਣਾ ਹੈ। ਕਈਆਂ ਨੂੰ ਤੇ ਅਜੇ ਇਨ੍ਹਾਂ ਵੱਡੇ-ਵੱਡੇ ਨਾਵਾਂ ਦੇ ਮਤਲਬ ਵੀ ਨਹੀਂ ਪਤਾ। ਇਹ ਡਾਕਟਰ, ਵਕੀਲ ਬਣਨ ਦੇ ਸੁਪਨੇ ਵੀ ਮਾਪਿਆਂ ਤੋਂ ਉਧਾਰੇ ਹੀ ਮਿਲੇ ਹਨ।

ਪੂਰੀ ਜਮਾਤ ਵਿਚ ਸ਼ੋਰ ਗੁੰਮ ਹੋ ਗਿਆ। ਸਾਰੇ ਹੱਸ-ਖੇਡ ਰਹੇ ਸਨ ਤਾਂ ਇਕ ਬੱਚਾ ਬੋਲਿਆ, "ਜੀ ਆ ਬੋਹੜੇ ਕਾ ਜਿੰਦੂ ਤੇ ਰਹਿ ਗਿਆ।"

ਬੋਹੜ ਸਿੰਘ, ਜੋ ਕੁਝ ਸਮਾਂ ਪਹਿਲਾਂ ਹੋਈ ਫ਼ੌਜੀ ਕਾਰਵਾਈ ਵਿਚ ਆਪਣਿਆਂ ਕੋਲੋਂ ਆਪਣੇ ਗੁਰਦੁਆਰੇ ਨੂੰ ਬਚਾਉਂਦਾ ਸ਼ਹੀਦ ਹੋ ਗਿਆ ਸੀ। ਉਸ ਦੇ ਪਰਿਵਾਰ ਨੂੰ ਪਿੰਡ ਵਾਲੇ ਕੁਝ ਨਾ ਕੁਝ ਦੇ ਦਿੰਦੇ, ਜਿਸ ਨਾਲ ਗੁਜ਼ਾਰਾ ਜਿਹਾ ਹੋ ਜਾਂਦਾ ਸੀ। ਮੈਂ ਜਿੰਦੂ ਨੂੰ ਆਪਣੇ ਕੋਲ ਬੁਲਾਇਆ ਤੇ ਪੁੱਛਿਆ, "ਹਾਂ ਬਈ ਤੂੰ ਵੱਡਾ ਹੋ ਕੇ ਕੀ ਬਣਨਾ ਹੈ, ਤੇਰਾ ਕੀ ਸੁਪਨਾ ਏ?" ਜਿੰਦੂ ਚੁੱਪ ਰਿਹਾ, ਵੈਸੇ ਵੀ ਉਹ ਬਹੁਤ ਘੱਟ ਬੋਲਦਾ ਏ। ਮੇਰੇ ਦੂਜੀ ਵਾਰੀ ਪੁੱਛਣ 'ਤੇ ਉਹ ਭੋਲਾ ਜਿਹਾ ਚਿਹਰਾ ਬਣਾ ਕੇ ਬੋਲਿਆ, "ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰੇ, ਗੁਰਧਾਮਾਂ ਦੇ, ਜਿੰਨਾ ਤੋਂ ਸਾਨੂੰ ਵਿਛੋੜਿਆ ਗਿਆ ਹੈ, ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ।" ਅਜੇ ਜਿੰਦੂ ਬੋਲ ਹੀ ਰਿਹਾ ਸੀ ਕਿ ਸਾਰੀ ਛੁੱਟੀ ਦੀ ਘੰਟੀ ਵੱਜ ਗਈ ਅਤੇ ਸਾਰੇ ਬੱਚੇ ਜਲਦੀ ਨਾਲ ਜਮਾਤ 'ਚੋਂ ਨਿਕਲ ਗਏ। ਪਰ ਮੈਂ ਉਸੇ ਕੁਰਸੀ 'ਤੇ ਬੈਠਾ ਪੱਥਰ ਹੋਇਆ ਸੋਚ ਰਿਹਾ ਸੀ ਕਿ ਇਹ ਸਤਰਾਂ ਤਾਂ ਹੁਣ ਸਿਰਫ਼ ਅਰਦਾਸ ਵਿਚ ਤੋਤਾ ਰਟਣ ਦੇ ਤੌਰ 'ਤੇ ਰਹਿ ਗਈਆਂ ਨੇ! "ਹਾਇ ਉਹ ਰੱਬਾ" ਇਹ ਸੁਪਨਾ ਤੇ ਮੈਨੂੰ ਕਦੇ ਸੁਪਨੇ ਵਿਚ ਵੀ ਨਹੀਂ ਆਇਆ।

**ਸ੍ਰੀ ਮੁਕਤਸਰ ਸਾਹਿਬ।**
**ਫ਼ੋਨ : 95173-59786**

# ਕੌਮਪ੍ਰਸਤੀ ਅਤੇ ਆਪਾਪ੍ਰਸਤੀ

ਜਿਸ ਕੌਮ ਤੇ ਕੌਮੀਅਤ ਅੰਦਰ ਰੂਹਾਨੀਅਤ ਵਾਲੀ ਜੀਵਨ-ਕਣੀ ਨਹੀਂ, ਐਸੇ ਨਿਰੇ ਰਾਜ-ਸਾਜ ਦੀ ਇੱਛਾ ਵਾਲਿਆਂ ਨੂੰ ਦੇਵਨੇਤ ਨਾਲ ਰਾਜ-ਸਾਜ ਮਿਲ ਵੀ ਜਾਵੇ ਤਾਂ ਇਸ ਬਾਤ ਦੀ ਕੀ ਗਰੰਟੀ ਹੈ ਕਿ ਉਨ੍ਹਾਂ ਦਾ ਬੁਲ-ਹਵਸੀ-ਰਾਜ ਕਿਸੇ ਪਹਿਲੇ ਕਾਇਮ ਸ਼ੁਦਾ ਰਾਜ ਨਾਲੋਂ ਚੰਗੇਰਾ ਤੇ ਪਰਜਾ ਲਈ ਅਧਿਕ ਭਲੇਰਾ ਹੋਵੇਗਾ। ਜਿਸ ਕੌਮੀਅਤ ਅੰਦਰ ਵਜ਼ੀਰੀਆਂ ਸਾਂਭਣ ਦੀ ਲਾਲਸਾ ਲੱਗੀ ਹੋਈ ਹੋਵੇ, ਜਿਸ ਕੌਮੀਅਤ ਦੇ ਕੌਮ-ਪ੍ਰਸਤ ਆਗੂ ਕੌਂਸਲਾਂ ਤੇ ਡਿਸਟ੍ਰਿਕਟ ਬੋਰਡਾਂ, ਮਿਉਨਿਸਪਲ ਕਮੇਟੀਆਂ ਦੀਆਂ ਮੈਂਬਰੀਆਂ ਦੀ ਪ੍ਰਾਪਤੀ ਖ਼ਾਤਰ ਆਮ ਜਨਤਾ ਨੂੰ ਸੱਭਿਅਤਾ-ਹੀਣ ਤੇ ਇਖ਼ਲਾਕੋਂ ਗਿਰੇ ਹੋਏ ਲਾਲਚ ਦੇ ਦੇ ਕੇ ਕੌਮੀਅਤ ਦੇ ਸ਼ੀਰਾਜ਼ੇ ਨੂੰ ਪਾਸ਼ ਪਾਸ਼ ਕਰਨ ਉਤੇ ਆ ਉਤਰਨ, ਉਨ੍ਹਾਂ ਨੇ ਭਲਾ ਬਣਨ ਵਾਲੀ ਰਾਜਗੀਰੀ ਦੇ ਅਹੁਦੇ ਹਾਸਲ ਕਰਕੇ ਕੀ ਪੂਰੀਆਂ ਪਾਉਣੀਆਂ ਹਨ? ਅਜਿਹੇ ਪੁਰਸ਼ਾਂ ਦੇ ਹੱਥ ਆਈ ਰਾਜਗੀਰੀ ਝਬਦੇ ਹੀ ਰਾਜਗਰਦੀ ਵਿਚ ਪਲਟ ਜਾਏਗੀ। ਅਜਿਹੀ ਹਾਲਤ ਵਿਚ ਦੇਸ਼ ਤੇ ਕੌਮ ਦਾ ਕੀ ਭਲਾ ਹੋ ਸਕੇਗਾ? ਆਪਾ-ਪ੍ਰਸਤਾਂ ਤੋਂ ਕੌਮਪ੍ਰਸਤੀ ਨਹੀਂ ਹੋ ਸਕਦੀ। ਸੁਆਰਥੀਆਂ ਪਾਸੋਂ ਪਰਸੁਆਰਥ ਤੇ ਪਰਉਪਕਾਰ ਕਦੇ ਨਹੀਂ ਹੋ ਸਕਦਾ। ਖ਼ੁਦ-ਗ਼ਰਜ਼ੀ ਲਈ ਆਪਣੇ ਭਾਈਆਂ ਨੂੰ ਪਛਾੜ ਲਤਾੜ ਕੇ ਛੋਟੀਆਂ ਛੋਟੀਆਂ ਸਿਕਦਾਰੀਆਂ ਤੇ ਅਹੁਦੇਦਾਰੀਆਂ ਨੂੰ ਜੱਫਾ ਮਾਰਨ ਵਾਲਿਆਂ ਤੋਂ ਇਹ ਆਸ ਤੱਕਣੀ ਕਿ ਉਹ ਕੌਮ, ਦੇਸ਼ ਯਾ ਜਨਤਾ ਦੇ ਭਲੇ ਲਈ ਕੁਝ ਕਰਨਗੇ, ਨਿਰੀ ਖ਼ਾਮ ਖ਼ਿਆਲੀ ਹੈ। ਇਹ ਤਾਂ ਸਗੋਂ ਆਪਾ-ਪ੍ਰਸਤੀ ਤੇ ਅਹੁਦਾ ਪ੍ਰਸਤੀ ਹੈ। ਆਪਾ-ਪ੍ਰਸਤੀ ਸਰਕਾਰ ਪ੍ਰਸਤੀ ਨਾਲੋਂ ਕੋਈ ਨਵੀਂ ਤੇ ਚੰਗੀ ਚੀਜ਼ ਨਹੀਂ। ਜਿਸ ਸਮੇਂ ਵਿਚ ਜੋ ਸਰਕਾਰ (ਗੌਰਮੈਂਟ) ਬਰਸਰੇ ਇਕਤਦਾਰ ਹੋਵੇਗੀ, ਇਹ ਖ਼ੁਦਗ਼ਰਜ਼ੀ, ਸੁਆਰਥੀ ਉਸੇ ਦੇ ਝੋਲੀਚੁਕ ਤੇ ਪੁਜਾਰੀ ਬਣ ਜਾਣਗੇ। ਜੋ ਸੁਆਰਥੀ ਲੋਕ ਨਿਰੀਆਂ ਮੈਂਬਰੀਆਂ ਖ਼ਾਤਰ ਇਨਸਾਨੀਅਤ ਤੇ ਇਖ਼ਲਾਕੀ ਮਿਆਰ ਤੋਂ ਹੇਠਾਂ ਡਿੱਗਣ ਨੂੰ ਅਯੋਗ ਨਹੀਂ ਸਮਝਦੇ, ਉਹ ਮੈਂਬਰ ਬਣ ਕੇ ਭੀ ਕੀ ਸਵਾਰ ਸਕਣਗੇ? ਇਸ ਤਰ੍ਹਾਂ ਦੀ ਹਾਲਤ ਤੇ ਅਜਿਹੀਆਂ ਸੁਆਰਥੀ ਚਾਲਾਂ ਨਾਲ ਪ੍ਰਾਪਤ ਕੀਤੇ ਸਵਰਾਜ ਤੇ ਕੌਮੀ ਰਾਜ ਤੋਂ ਕੋਈ ਲਾਭ ਨਹੀਂ ਹੋ ਸਕਦਾ ਤੇ ਨਾ ਇਨਸਾਨੀਅਤ, ਇਖ਼ਲਾਕ, ਅਣਖ, ਪਰਉਪਕਾਰ ਆਦਿ ਗੁਣਾਂ ਤੋਂ ਸਖਣੇ ਪੁਰਸ਼ਾਂ ਦੇ ਇਕੱਠ ਦਾ ਨਾਮ ਕੌਮ ਯਾ ਕੌਮੀਅਤ ਹੋ ਸਕਦਾ ਹੈ। ਦੇਸ ਦੇ ਭਲੇ ਤੇ ਕੌਮ ਦੀ ਖ਼ਾਤਰ ਕੁਝ ਚਾਹੁਣ ਵਾਲੇ ਤਾਂ ਵਿਰਲੇ ਹੀ ਹੋਣਗੇ, ਨਹੀਂ ਤਾਂ ਸਵਰਾਜ ਮੰਗਣ ਵਾਲਿਆਂ ਵਿਚ ਐਸੇ ਬਹੁਤ ਹਨ, ਜਿਨ੍ਹਾਂ ਨੂੰ ਆਪਣਾ ਸੁਆਰਥ ਮੁਖ ਹੈ। ਸਵਰਾਜ ਪਦ ਦਾ ਅਰਥ ਭੀ ਅਸਲ ਆਦਰਸ਼ ਤੋਂ ਊਰਾ ਹੈ। ਆਮ ਤੌਰ 'ਤੇ ਸਵਰਾਜ ਦਾ ਅਰਥ ਇਹ ਕੀਤਾ ਜਾਂਦਾ ਹੈ ਕਿ 'ਆਪਣਾ ਰਾਜ', 'ਅਰਥਾਤ ਆਪਣੇ ਦੇਸ ਦਾ ਰਾਜ ਅਸੀਂ ਆਪ ਕਰੀਏ।' ਰਾਜ ਲਾਲਸਾ ਦੀ ਇਹ ਅਪਣੱਤ ਜੇ ਤਾਂ ਰਾਜ-ਸਾਜ ਕਮਾਉਣ ਦੀ ਸਾਂਝੀਵਾਲਤਾ ਵਿਚ ਰਹੇ, ਤਦ ਤਾਂ ਕੁਝ ਗੁਣਕਾਰੀ ਹੋ ਸਕਦੀ ਹੈ, ਨਹੀਂ ਤਾਂ ਆਪਾ-ਧਾਪੀ ਵਿਚ ਖਿਚ ਕੇ ਲੈ ਜਾਂਦੀ ਹੈ, ਪਰ ਸਾਂਝੀਵਾਲਤਾ ਵਾਲੀ ਕੌਮੀਅਤ ਰੂਹਾਨੀਅਤ ਤੋਂ ਬਿਨਾ ਪੈਦਾ ਹੋਣੀ ਤੇ ਕਾਇਮ ਰਹਿਣੀ ਅਸੰਭਵ ਹੈ। ਅੱਜ ਉਸ ਉਤੇ ਆਦਰਸ਼ਾਂ ਤੋਂ ਘੁੱਥੇ ਖ਼ੁਸ਼ਕ ਰੀਫ਼ਾਰਮਰਾਂ ਦੇ ਮਗਰ ਲੱਗ ਕੇ ਲੋਕਾਂ ਵਿਚ ਫੋਕੀ ਕੂਕ-ਪੁਕਾਰ ਕੌਮੀਅਤ ਦੀ ਹੋ ਰਹੀ ਹੈ। ਇਸੇ ਪੁਕਾਰ ਦੇ ਸਿਲਸਿਲੇ ਵਿਚ ਧਰਮ ਅਤੇ ਰੂਹਾਨੀਅਤ ਨੂੰ ਕੌਮੀਅਤ ਦਾ ਦੁਸ਼ਮਣ ਸਮਝਿਆ ਜਾ ਰਿਹਾ ਹੈ। ਇਹੋ ਦੇਸ਼ ਤੇ ਦੇਸ਼-ਵਾਸੀਆਂ ਦੀ ਅਧੋਗਤੀ ਦਾ ਕਾਰਨ ਬਣ ਰਿਹਾ ਹੈ।

**-ਗੁਰਪੁਰਵਾਸੀ ਭਾਈ ਸਾਹਿਬ**
**ਭਾਈ ਰਣਧੀਰ ਸਿੰਘ ਜੀ**

# ਸਿੱਖਾਂ ਦਾ 'ਆਦਰਸ਼' ਗੁਣਾਂ ਦੀ ਸਾਂਝ ਹੈ


ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

*ਗੁਰਸਿੱਖਾਂ ਸੇਤੀ ਗੁਣਾਂ ਦੀ ਸਾਂਝ ਅਤੇ ਅਵਗੁਣਾਂ ਦਾ ਤਿਆਗ ਇਹ ਪ੍ਰਸਪਰ ਪਿਆਰ ਉਪਜਾਊ ਸੱਚਾ ਪ੍ਰੇਮ-ਨੁਸਖ਼ਾ ਹੈ, ਜਿਸ ਦੇ ਵਰਤਣ ਕਰਿ ਪ੍ਰੇਮ ਦੀ ਪੀਡੀ ਗੰਢ ਗੁਰਸਿਖਾਂ ਵਿਚਕਾਰ ਪਈ ਰਹਿੰਦੀ ਹੈ, ਜੋ ਕਦੇ ਨਹੀਂ ਟੁਟਦੀ। ਟੁਟੇ ਕਿਵੇਂ, ਨਾਮ ਦੀ ਆਕ੍ਰਖਣੀ ਤਾਰ-ਡੋਰੀ ਇਹ ਗੰਢ ਜੋੜੀ ਰਖਦੀ ਹੈ। ਗੁਰਮੁਖਿ ਨਾਮ-ਤਾਰ-ਪ੍ਰੋਤੇ ਹਿਰਦਿਆਂ ਅੰਦਰ ਇਕੋ ਜਲਵ-ਜਗੰਨ-ਜੋਤੀਸ਼ ਦੀ ਸਾਂਝੀ ਤਾਰ ਜੁ ਫਿਰੀ ਹੋਈ ਹੈ। ਸੱਚੀ ਸਾਂਝੀਵਾਲਤਾ ਦੀ ਇਹ ਨਾਮ-ਤਰਬ-ਤ੍ਰੰਗੀ-ਤਾਰ ਕਦੇ ਤੋੜੀ ਤੁਟਦੀ ਨਹੀਂ ਅਤੇ ਛੱਡੀ ਛੁੱਟਦੀ ਨਹੀਂ। ਨਾਮ ਅਭਿਆਸ ਕਮਾਈ ਤੋਂ ਸੱਖਣੇ ਜਗਿਆਸੂ ਜਨਾਂ ਦੇ ਹਿਰਦੇ, ਇਸ ਸਦ ਨਵਤਨ ਮਨ-ਵਿਗਾਸਨੀ ਤਾਰ ਤੋਂ ਸੁੰਞੇ ਹੋਣ ਕਰਿ ਸੱਚੇ ਪ੍ਰੇਮ ਪਿਆਰ ਤੋਂ ਵੀ ਵਾਂਞੇ ਰਹਿ ਜਾਂਦੇ ਹਨ।
ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥
ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥੧੧॥
(ਵਾਰਾਂ ਤੇ ਵਧੀਕ, ਸਲੋਕ ਮ. ੪, ਪੰਨਾ : ੧੪੨੨)*

**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥**
**ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥**
**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥**
**ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥**
**ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥**
**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥**
**(ਰਾਗੁ ਸੂਹੀ ਛੰਤ ਮ.੧, ਪੰਨਾ : ੭੬੫-੬੬)**

ਵਾਹ! ਕਿਆ ਸੁੰਦਰ ਗੁਰ-ਸਿਖਸ਼ਾ ਭਰਿਆ ਗੁਰ-ਵਾਕ ਹੈ। ਗੁਣ ਗ੍ਰਾਹਕ ਗੁਰਮੁਖ ਜਨਾਂ ਨੂੰ ਗੁਣਾਂ ਦੇ ਵਾਸਲੇ ਵਿਚੋਂ ਕੇਵਲ ਗੁਣਾਂ ਰੂਪੀ ਵਾਸ਼ਨਾ ਦੇ ਹੀ ਕਢ ਲੈਣ ਦੀ ਗਾਹਕੀ ਹੈ। ਗੁਣਾਂ ਰੂਪੀ ਵਾਸ਼ਨਾ ਦੇ ਭਉਰਿਆਂ ਨੂੰ ਸਿਰਫ਼ ਫੁੱਲਾਂ ਦੀ ਵਾਸ਼ਨਾ ਸੰਦੀ ਹੀ ਆਸ਼ਕੀ ਹੁੰਦੀ ਹੈ। ਗੁਰਮੁਖ ਗੁਣ-ਗ੍ਰਾਹਕਾਂ ਨੂੰ ਗੁਰਸਿੱਖ ਸੱਜਣਾਂ ਦੇ ਗੁਰਮਤਿ ਗੁਣਾਂ ਨਾਲ ਹੀ ਵਾਸਤਾ ਹੁੰਦਾ ਹੈ। ਗੁਰਮਤਿ ਗੁਣਾਂ ਦੀ ਸਾਂਝ ਕਰਿ ਹੀ ਗੁਰਸਿੱਖ, ਗੁਰਸਿਖਾਂ ਦੇ ਪ੍ਰਸਪਰ ਪ੍ਰੇਮੀ ਹੁੰਦੇ ਹਨ। ਉਹਨਾਂ ਨੂੰ ਗੁਰਸਿਖ ਮੀਤਾਂ ਸੱਜਣਾਂ ਦੇ ਗੁਣਾਂ ਦੀ ਹੀ ਪ੍ਰੀਤਿ-ਆਸ਼ਕੀ ਹੁੰਦੀ ਹੈ। ਇਸ ਗੁਣ-ਪ੍ਰੀਤੀ ਦੀ ਗੰਢ ਕਰਿ ਹੀ ਗੁਰਸਿੱਖ, ਗੁਰਸਿੱਖ ਦਾ ਸ਼ੈਦਾਈ ਹੁੰਦਾ ਹੈ। ਗੁਰਸਿੱਖ ਪ੍ਰੇਮ ਸ਼ੈਦਾਈਆਂ ਨੂੰ ਗੁਰਸਿੱਖੀ ਦੇ ਗੁਣਾਂ ਦੀ ਸਾਂਝ ਹੀ ਪ੍ਰਸਪਰ ਬਣੀ ਰਹਿੰਦੀ ਹੈ। ਗੁਰਸਿੱਖ ਪ੍ਰਸਪਰ ਮਿਲ ਕੇ ਪ੍ਰਸਪਰੀ ਗੁਣਾਂ ਦੀ ਸਾਂਝ ਹੀ ਸਦੀਵੀ ਪਾਈ ਰਖਦੇ ਹਨ। "ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ " ਵਾਲੀ ਗੁਰਵਾਕ ਦੀ ਤੁਕ ਉਪਰ ਅਮਲ ਕਰਦੇ ਹੋਏ ਅਵੱਸ਼ ਅਗਲੀ ਤੁਕ ਦੀ ਅੰਦਰਲੀ ਗੁਣ-ਧਾਰਨਾ ਦੇ ਭੀ ਧਾਰਨੀ ਬਣਦੇ ਹਨ- "ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥" ਵਾਹੁ ਕੈਸੀ ਉੱਤਮ ਗੁਰਮੱਤੜੀ! ਕੈਸੀ ਸੁਹਣੀ ਗੁਰ ਸਿੱਖਿਆ ਹੈ!! ਵਾਹੁ!! ਧੰਨ!! ਗੁਰਸਿੱਖਾਂ ਨੂੰ ਗੁਰਸਿਖਾਂ ਦੇ ਪ੍ਰਸਪਰੀ ਗੁਣਾਂ ਦੀ ਸਾਂਝ ਦਾ ਹੀ ਇਸ਼ਕ ਬਣਿਆ ਰਹਿੰਦਾ ਹੈ। ਉਹਨਾਂ ਨੂੰ ਇਕ ਦੂਜੇ ਦੇ ਅਉਗੁਣਾਂ ਨਾਲਿ ਕੋਈ ਵਾਸਤਾ ਨਹੀਂ ਹੁੰਦਾ। "ਛੋਡਿ ਅਵਗਣ ਚਲੀਐ" ਵਾਲੀ ਗੁਰਸਿੱਖੀ ਉੱਤੇ ਉਹਨਾਂ ਦਾ ਪੂਰਾ ਅਮਲ ਹੁੰਦਾ ਹੈ। ਕਿਸੇ ਦੇ ਅਉਗੁਣਾਂ ਨੂੰ ਨਾ ਚਿਤਾਰਨਾ, ਦੂਜੇ ਦੇ ਅਉਗਣਾਂ ਵਲ ਨਾ ਤੱਕਣਾ, ਜੇ ਤੱਕਣਾ ਤਾਂ ਵੇਖ ਕੇ ਅਣਡਿੱਠ ਕਰ ਦੇਣਾ, ਗੁਰਮੁਖ ਗੁਰਸਿੱਖਾਂ ਦਾ ਬਿਰਦ ਹੈ।

ਗੁਰਸਿੱਖਾਂ ਸੇਤੀ ਗੁਣਾਂ ਦੀ ਸਾਂਝ ਅਤੇ ਅਵਗੁਣਾਂ ਦਾ ਤਿਆਗ ਇਹ ਪ੍ਰਸਪਰ ਪਿਆਰ ਉਪਜਾਊ ਸੱਚਾ ਪ੍ਰੇਮ-ਨੁਸਖ਼ਾ ਹੈ, ਜਿਸ ਦੇ ਵਰਤਣ ਕਰਿ ਪ੍ਰੇਮ ਦੀ ਪੀਡੀ ਗੰਢ ਗੁਰਸਿਖਾਂ ਵਿਚਕਾਰ ਪਈ ਰਹਿੰਦੀ ਹੈ, ਜੋ ਕਦੇ ਨਹੀਂ ਟੁਟਦੀ। ਟੁਟੇ ਕਿਵੇਂ, ਨਾਮ ਦੀ ਆਕ੍ਰਖਣੀ ਤਾਰ-ਡੋਰੀ ਇਹ ਗੰਢ ਜੋੜੀ ਰਖਦੀ ਹੈ। ਗੁਰਮੁਖਿ ਨਾਮ-ਤਾਰ-ਪ੍ਰੋਤੇ ਹਿਰਦਿਆਂ ਅੰਦਰ ਇਕੋ ਜਲਵ-ਜਗੰਨ-ਜੋਤੀਸ਼ ਦੀ ਸਾਂਝੀ ਤਾਰ ਜੁ ਫਿਰੀ ਹੋਈ ਹੈ। ਸੱਚੀ ਸਾਂਝੀਵਾਲਤਾ ਦੀ ਇਹ ਨਾਮ-ਤਰਬ-ਤ੍ਰੰਗੀ-ਤਾਰ ਕਦੇ ਤੋੜੀ ਤੁਟਦੀ ਨਹੀਂ ਅਤੇ ਛੱਡੀ ਛੁੱਟਦੀ ਨਹੀਂ। ਨਾਮ ਅਭਿਆਸ ਕਮਾਈ ਤੋਂ ਸੱਖਣੇ ਜਗਿਆਸੂ ਜਨਾਂ ਦੇ ਹਿਰਦੇ, ਇਸ ਸਦ ਨਵਤਨ ਮਨ-ਵਿਗਾਸਨੀ ਤਾਰ ਤੋਂ ਸੁੰਞੇ ਹੋਣ ਕਰਿ ਸੱਚੇ ਪ੍ਰੇਮ ਪਿਆਰ ਤੋਂ ਵੀ ਵਾਂਞੇ ਰਹਿ ਜਾਂਦੇ ਹਨ।

**ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥**
**ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥੧੧॥**
**(ਵਾਰਾਂ ਤੇ ਵਧੀਕ, ਸਲੋਕ ਮ. ੪, ਪੰਨਾ : ੧੪੨੨)**

ਪਰ ਇਹ ਸੱਚਾ ਪ੍ਰੇਮ ਪਿਆਰੁ ਇਸ ਉਪਰਲੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਪੂਰੇ ਦੀ ਕਲਾ-ਕ੍ਰਿਸ਼ਮੀ-ਕਿਰਪਾ ਕਟਾਖਸ਼ ਦੁਆਰਾ ਹੀ ਪਾ ਸਕੀਦਾ ਹੈ। ਜਿਨ੍ਹਾਂ ਦੇ ਉਪਰ ਸਤਿਗੁਰ ਪੂਰੇ ਦੀ ਇਹ ਕਿਰਪਾ ਹੋ ਗਈ ਓਹਨਾਂ ਦੇ ਅੰਦਰੋਂ ਇਹ ਸੱਚਾ ਪ੍ਰੇਮ ਪਿਆਰ-ਰੰਗ "ਕਬਹੂ ਨ ਹੋਵੈ ਭੰਗੁ" ਕਦੇ ਭੰਗ ਨਹੀਂ ਹੋਵੇਗਾ। ਇਸ ਪ੍ਰੇਮ ਪਿਆਰ ਰੰਗ ਰਤੇ ਹੋਣ ਕਰਿ ਓਹਨਾਂ ਦੇ ਅੰਤਰਿ "ਹਰਿ ਗੁਣ ਗਾਈਐ"। ਪ੍ਰਸਪਰ ਹਰਿ ਗੁਣ ਗਾਉਣ, ਹਰਿ ਹਰਿ ਕੀਰਤਨ ਕਰਨ ਦਾ ਅਤਿ ਗੁਣ ਅਮਲ ਦਿਨੋ ਦਿਨ ਜਿਉਂ ਜਿਉਂ ਬਣਿਆ ਬਣਾਤਾ ਰਹੇਗਾ, ਤਿਉਂ ਤਿਉਂ ਓਹਨਾਂ ਗੁਰਸਿੱਖਾਂ, ਹਰਿ-ਗੁਣ-ਗਾਵਣਹਾਰਿਆਂ ਦਾ ਪ੍ਰਸਪਰੀ ਪ੍ਰੇਮ ਪਿਆਰ ਭੀ ਹਰਿਆ ਭਰਿਆ ਅਤੇ ਵਧਿਆ ਫਲਿਆ ਰਹੇਗਾ। ਗੁਰ ਸਤਿਗੁਰ ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਜਿਉਂ ਜਿਉਂ ਨਿੱਤ ਨਿਯਮ ਅਨੁਸਾਰ ਗੁਰੂ ਕੇ ਸਿਖ ਪ੍ਰਸਪਰ ਰਲ ਮਿਲ ਕੇ ਹਰਿ ਗੁਣ ਗਾਵਣਗੇ, ਜਿਉਂ ਜਿਉਂ ਨਾਮ ਅਭਿਆਸ ਦੀਆਂ ਕਮਾਈਆਂ ਕਰਨਗੇ, ਤਿਉਂ ਤਿਉਂ ਤਿਨ੍ਹਾਂ ਉਪਰ ਸਤਿਗੁਰੂ ਦੀ ਕਿਰਪਾ ਦਾ ਕਟਾਖਸ਼ੜਾ ਦਿਨੋ ਦਿਨ ਵਧੇਰਾ

ਖਿੜਦਾ ਰਹੇਗਾ ਅਤੇ ਤਿਨ੍ਹਾਂ ਦਾ ਪ੍ਰਸਪਰੀ ਪ੍ਰੇਮ ਪਿਆਰ ਭੀ ਦਿਨੋ ਦਿਨ ਗੂੜ੍ਹਾ ਅਤੇ ਅਤਿ ਰੰਗ ਰੂੜਾ ਹੁੰਦਾ ਜਾਏਗਾ। ਪਰ ਇਹ ਕਿਰਪਾ-ਕਟਾਖਸ਼ੀ ਗੁਰੂ ਮੇਹਰ ਤਿਨ੍ਹਾਂ ਜਨਾਂ ਪਰ ਹੀ ਹੋਵੇਗੀ ਜੋ ਗੁਰੂ ਦੀ ਆਗਿਆ ਸਤਿ ਸਤਿ ਕਰਿ ਮੰਨਣਗੇ। ਆਗਿਆਕਾਰੀ ਗੁਰਸਿੱਖਾਂ ਉਤੇ ਜ਼ਰੂਰ ਹੀ ਗੁਰੂ ਦੀ ਕਿਰਪਾ ਦਾ ਛਾਜ ਵਹਾਰ (ਅਮੁਕ ਵਹਾ) ਰਹੇਗਾ।

ਸਤਿਗੁਰੂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੱਚਾ ਹੁਕਮ ਹੈ : -

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥**
**ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥**
**(ਬਸੰਤੁ ਮ. ੫, ਹਿੰਡੋਲ, ਪੰਨਾ : ੧੧੮੫)**

ਗੁਰੂ ਸੱਚੇ ਪਾਤਸ਼ਾਹ ਦੇ ਇਸ ਸੱਚੇ ਹੁਕਮ ਅਨੁਸਾਰੀ ਤਾਮੀਲਦਾਰੀ ਹੁੰਦੇ ਹੋਏ ਜੋ ਗੁਰਸਿਖ ਕੀਰਤਨ-ਮੰਡਲ ਵਿਚ ਇਕੱਤਰ ਹੋਇ ਕੇ ਪ੍ਰਸਪਰੇ ਮਿਲ ਬੈਠਣ ਦਾ ਅਤੇ ਹਰਿਗੁਣ ਗਾਵਣ ਦਾ ਹੁਕਮ ਕਮਾਵੰਦੇ ਹਨ ਓਹਨਾਂ ਦੀ ਹਰਿ-ਕੀਰਤਨ-ਲਿਵਤਾਰ ਦੀ ਪਾਰਸ-ਕਲਾ ਦੁਆਰਾ ਦੁਬਿਧਾ ਦੂਰ ਹੋ ਜਾਂਦੀ ਹੈ। ਓਹਨਾਂ ਦੇ ਹਰਿ-ਕੀਰਤਨੀ-ਮੰਡਲ ਵਿਚ ਜੁੜਿ ਬੈਠਨਹਾਰਿਆਂ, ਹਰਿ-ਗੁਣ-ਲਿਵ-ਤਾਰੀਆਂ ਦੇ ਹਿਰਦਿਆਂ ਅੰਦਰ ਨਾਮ-ਕਿਰਨ-ਰਸ-ਜੋਤਿ ਦੀ ਸਾਂਝੀ ਤਾਰ ਫਿਰ ਜਾਂਦੀ ਹੈ ਅਤੇ ਇਹੀ ਕਿਰਨ-ਰਸ-ਜੋਤਿ-ਬੇਧਵੀਂ-ਸਾਂਝੀ ਤਾਰ ਸਗਲ ਹਰਿ ਜਨਾਂ ਦੇ ਘਟਾਂ ਅੰਦਰ ਜੋਤਿ ਜੁੜੰਨੀ ਅਤੇ ਤਰਬ ਤ੍ਰੰਗਨੀ ਹੋਣ ਕਰਿ ਸਭ ਨੂੰ ਹਰਿ ਨਾਮੇ ਦੇ ਜੋੜੀ, ਸੱਚੇ ਜੋੜੀ, ਸੱਚੀ ਜੋਤਿ-ਜੁੜੰਨੇ-ਜੋੜੀ ਬਣਾਇ ਦੇਂਦੀ ਹੈ। ਐਸੇ ਹਰਿ ਨਾਮੇ ਦੇ ਜੋੜੀ ਗੁਰਮੁਖ ਭਗਤ ਜਨ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰਿ ਸਫਾ ਵਿਛਾਇ ਕੈ ਬਹਿੰਦੇ ਹਨ, ਧੂੜੀ ਵਿਚ ਲੁਡੰਦੜੇ ਹੀ ਸੋਹੰਦੇ ਹਨ। ਇਕੋ ਸਫਾ ਵਿਚ, ਇਕ ਸਫ ਉਤੇ ਨਿਰਮਾਣ ਹੋ ਕੇ ਗੁਰੂ ਸਤਿਗੁਰੂ ਜੀ ਦੀ ਧੂੜ ਲਡਨੂਰੀ ਹਜ਼ੂਰੀ ਵਿਚਿ ਪ੍ਰਸਪਰ ਪ੍ਰੇਮ ਪਿਆਰ ਦਾ ਸੰਧੂਰ ਲਾਇ ਮੁਸਕਾਇ ਕੇ ਬਹਿੰਦੇ ਹਨ।

ਇਕੋ ਸੰਗਤ ਪੰਗਤ ਵਿਚ ਨੀਵੇਂ ਨਿਰਮਾਣ ਹੋ ਕੇ ਗੁਰੂ ਹਜ਼ੂਰੀ ਮਜਨ-ਧੂਰੀਆਂ ਅਤੇ ਨਾਮ ਰਸ ਸੰਧੂਰੀ ਗੁਰਮੁਖ ਰੂਹਾਂ ਨੂੰ, ਭਲਾ ਕੁਰਸੀ-ਨਸ਼ੀਨੀਆਂ ਦਾ ਕਮਲ ਅਤੇ ਚੁਧਰੰਮ ਬਫ਼ਰੰਮੀ ਰੋਗ ਕਾਹਨੂੰ ਸੁਖਾਉਂਦਾ ਸੋਹਾਉਂਦਾ ਹੈ। ਓਹ ਕੁਰਸੀਆਂ ਉਪਰ ਉਸਰਿ ਉਸਰਿ ਕੇ ਬੈਠਨ ਨਾਲੋਂ ਇਕੋ ਸਾਂਝੀ ਸਫਾ ਵਿਚਿ ਅਦਬ ਸਹਿਤ ਗੁਰੂ ਹਜ਼ੂਰੀ ਵਿਚ ਰਲ ਮਿਲ ਕੇ ਬੈਠਣਾ ਅਤੇ ਇਸ ਬਿਧ ਰਲ ਮਿਲ ਬੈਠ ਕੇ ਹਰਿ ਨਾਮੇ ਦੀ ਜੋੜੀ ਹੋਵਣਾ ਹੀ ਸਤਿਗੁਰੂ ਦੀ ਸੱਚੀ ਆਗਿਆ ਦਾ ਸੱਚਾ ਪਾਲਨ ਸਮਝਦੇ ਹਨ ਅਤੇ ਇਸ ਆਗਿਆ ਪਾਲਨ ਤੇ ਓਹਨਾਂ ਨੂੰ ਅਵੱਸ਼ ਸੱਚੇ ਰੰਗ ਲਗਦੇ ਹਨ। ਇਸ ਸੱਚੀ ਸਾਂਝੀਵਾਲਤਾ ਦੀ ਸੱਚੀ ਸਿਪਿਰਟ ਵਿਚ ਕੀਤੀ ਹੋਈ ਕੋਈ ਭੀ ਗੁਰੂ ਕੀ ਕਾਰ-ਸੇਵਾ ਆਪਣਾ ਰੰਗ ਲਿਆਏ ਬਿਨਾਂ ਆਹਲੀ ਨਹੀਂ ਜਾਂਦੀ। ਇਸ ਸੱਚੀ ਸਿਪਿਰਟ ਵਿਚ ਗੁਰੂ ਅਤੇ ਗੁਰੂ ਪੰਥ ਦੀ ਸੇਵਾ ਕਮਾਵਣਹਾਰਿਆਂ ਦਾ ਹਿਰਦਾ ਸਦਾ ਹੀ ਇਕ ਦੂਜੇ ਦੀ ਰੇਣ ਹੋਇ ਰਹਿਣ ਨੂੰ ਪਸੀਜਿਆ ਪਸਮਿਆ ਰਹਿੰਦਾ ਹੈ। ਉਹ ਇਕ ਦੂਜੇ ਦੇ ਅਉਗੁਣ ਚਿਤਾਰਦੇ ਹੀ ਨਹੀਂ। ਉਹਨਾਂ ਨੂੰ ਆਪਣੇ ਸਾਂਝੀਵਾਲ ਸੇਵਕ ਜਨ ਭਰਾਵਾਂ ਅੰਦਰ ਸਾਰੇ ਗੁਣ ਹੀ ਗੁਣ ਭਾਸਦੇ ਹਨ। ਸੱਚੀ ਪ੍ਰੀਤਿ ਦੀ ਸ਼ੁਭ ਨੀਸ਼ਾਨੀ ਇਹੀ ਹੈ। ਪ੍ਰੀਤਵਾਨ ਨੂੰ ਆਪਣੇ ਪ੍ਰੀਤਮ ਦੇ ਅਉਗਣ ਭੀ ਗੁਣ ਹੀ ਪ੍ਰਤੀਤ ਹੁੰਦੇ ਹਨ।

## ਅਕਾਲੀ ਲਹਿਰ ਦਾ ਸਮਾਂ ਤੇ ਗੁਣਾਂ ਦਾ ਪਿਆਰ-

ਏਸ ਸੱਚੇ ਪ੍ਰੀਤ ਪਿਆਰ ਦੀ ਸੱਚੀ ਝਲਕ ਦਾ ਨਜ਼ਾਰਾ ਗੁਰੂ ਪੰਥ ਦੇ ਸੇਵਕਾਂ ਅੰਦਰਿ ਅੱਜ ਤੋਂ ਦਸ ਗਿਆਰਾਂ ਸਾਲ ਪਹਿਲਾਂ (੧੯੨੬-੨੭ ਵਿਚ) ਕੈਸਾ ਚੜ੍ਹਦੀਆਂ ਕਲਾਂ ਵਿਚ ਰੰਗ ਦਿਖਾ ਰਿਹਾ ਸੀ। ਉਸ ਸਮੇਂ **"ਏਕੁ ਪਿਤਾ ਏਕਸ ਕੇ ਹਮ ਬਾਰਿਕ"** ਹੋਇ ਕੇ ਅਤੇ **"ਸੁਣਿ ਮੀਤਾ ਧੂਰੀ ਕਉ ਬਲਿ ਜਾਈ॥" (ਸੋਰਠਿ ਮ.੫, ਪੰਨਾ : ੬੧੧-੧੨)** ਦੇ ਆਸ਼ਕ ਹੋਇਕੈ ਅਸਾਡੇ ਪੰਥ-ਸੇਵਕ ਸੇਵਾ ਕਮਾਇ ਰਹੇ ਸਨ। ਓਹ ਆਪਣੇ ਸਜਣ ਮਿੱਤਰ ਗੁਰਸਿਖ ਭਰਾਵਾਂ ਦੇ ਸਦ ਗੁਣ ਹੀ ਸਦਾ ਦੇਖਦੇ ਚਿਤਾਰਦੇ ਅਤੇ ਸਤਿਕਾਰਦੇ ਸਨ। ਓਹਨਾਂ ਨੂੰ ਓਦੋਂ ਇਕ ਦੂਜੇ ਦੇ ਅਵਗੁਣ ਦੇਖਣ ਦਾ ਅਤੇ ਛਿੱਦਰ ਫੋਲਣ ਦਾ ਵਿਹਲ ਕੁਚਸਕਾ ਹੀ ਨਹੀਂ ਸੀ। ਓਹਨਾਂ ਦੀ ਗੁਰ-ਗੰਮ-ਗੁਣੀ-ਸੱਚੀ-ਸਾਂਝੀਵਾਲਤਾ ਤੋਂ ਉਪੰਨੀ ਨਿਰਮਾਣ ਸੇਵਾ ਆਪਣਾ ਅਲੌਕਿਕ ਰੰਗ ਲਿਆਈ ਅਤੇ ਫੇਰ ਭੀ ਲਿਆਵੇਗੀ। ਭਾਣੇ ਅੰਦਰ ਗੁਰੂ ਨੂੰ ਇਹ ਮਨਜ਼ੂਰ ਹੋਸੀ ਕਿ ਗੁਰਸਿਖ ਸੇਵਕ ਆਗੂਆਂ ਵਿਚ ਵੀ ਹਉਮੈ, ਕਾਂਪ-ਖਾ-ਗਈ-ਬਿਰਤੀ ਅੰਦਰ, ਰਾਈ ਮਾਤਰ ਰੋਗ ਭੀ ਨਾ ਰਹਿ ਜਾਵੇ। ਗੁਰੂ ਸੱਚੇ ਪਾਤਸ਼ਾਹ ਨੂੰ ਇਹ ਦੇਖਣਾ ਨਹੀਂ ਭਾਂਵਦਾ ਕਿ ਗੁਰੂ ਦੇ ਸਿੱਖਾਂ ਸੇਵਕਾਂ ਵਿਚ ਕਿਸੇ ਰੋਗ ਦੀ ਕਣੀ, ਕੋਈ ਖਾਮੀ, ਕਚਿਆਈ ਬਾਕੀ ਰਹਿ ਜਾਵੇ। ਹਉਮੈ ਬਫਣ-ਬਫ਼ਾਈ ਵਿਚ ਹੁਣ ਬਹੁਤ ਹੰਢਿਆ ਹੰਭਿਆ ਗਿਆ ਹੈ। ਹੁਣ ਜ਼ਰੂਰ ਸੁਰਤਿ ਪਰਤਣੀ ਚਾਹੀਏ, ਪਰ ਪਰਤੇਗੀ ਇਸ ਲੇਖ ਦੇ ਸਿਰਲੇਖ ਵਾਲੇ ਗੁਰਵਾਕ ਦੇ ਉਚ-ਭਾਵੀ ਪ੍ਰਭਾਵ ਹੇਠ। ਹਾਂ ਜੀ "ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ"। ਹਾਂ ਜੀ! ਫੇਰ ਪੜ੍ਹੋ **"ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥"** ਹਾਂ ਪਿਆਰੇ ਜੀ "ਛੋਡਿ ਅਵਗਣ ਚਲੀਐ"। ਵਾਹੁ ਵਾਹੁ ਕਿਆ ਸੋਹਣੀ ਗੁਰਵਾਕ ਚੇਤਾਵਨੀ ਚੇਤੇ ਆਈ ਹੈ : -

**ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥**
**ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ॥**
**ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ॥**
**ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ॥**
**ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ॥**
**ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥੨॥**
**(ਰਾਗੁ ਸੂਹੀ ਛੰਤ ਮ. ੧, ਪੰਨਾ : ੭੬੫)**

ਹਾਂ ਜੀ! ਹਉ ਬਲਿਹਾਰੀ! ਬਲਿਹਾਰੀ ਸਾਜਨਾ! ਬਲਿਹਾਰੀ! ਹਾਂ ਜੀ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ!! ਮੀਤਾ ਅਵਰੀਤਾ!! ਅਵਰੀਤਾ ਵਿਸੇਖ ਰੀਤਿ ਵਾਲੇ ਸ੍ਰੇਸ਼ਟ ਕਰਮੀ ਗੁਰਸਿੱਖ ਸੇਵਕ ਸਜਨ ਜਨ ਮੀਤ ਅਵਰੀਤ ਜਨਾਂ ਤੋਂ ਹਉ ਬਲਿਹਾਰੀ। ਹਾਂ ਜੀ ਸਾਨੂੰ ਤਾਂ ਓਹ ਜੇਲ੍ਹਿ ਬੈਠਿਆਂ ਭੀ, ਹਜ਼ਾਰੀ ਬਾਗ਼, ਰਾਜ ਮੰਦਰੀ, ਨਾਗ ਪੁਰ ਦੇ ਸੁਰਾਜ ਮੰਦਰਾਂ ਵਿਚ ਬੈਠਿਆਂ ਭੀ ਅਸਾਡੇ ਪੰਥ ਸੇਵਕ ਰਤਨ ਭੂਸ਼ਨਾਂ ਦੇ "ਸਗਲ ਗੁਣ ਅਵਗਣੁ ਨ ਕੋਈ" ਹੀ ਭਾਸਦੇ ਸਨ ਅਤੇ ਹੁਣ ਭੀ ਨਿਰੇ ਗੁਣ ਹੀ ਗੁਣ ਭਾਸ ਰਹੇ ਹਨ। ਆਹ! ਅਸਾਨੂੰ ਯਾਦ ਹੈ, ਦਾਸ ਅਤੇ ਦਾਸ ਦਾ ਸੱਚੜਾ ਸੁਹਿਰਦ ਵੀਰ ਭਾਈ ਕਰਤਾਰ ਸਿੰਘ ਕੈਨੇਡੀਅਨ ਚੰਦ ਨਿਵਾਸੀ ਕੋਈ ਜਾਣੇ ਨਾਗਪੁਰ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਬੈਠੇ ਦਰਜਨਾਂ ਵਰ੍ਹਿਆਂ ਦੇ ਦੂਰ-ਧਿਆਨੀ ਹੋਏ ਬੈਠੇ, ਕਿਸ ਹਸਰਤ, ਕਿਸ ਫ਼ਖ਼ਰ, ਕਿਸ ਸਨਮਾਨ ਭਰੇ ਚਾਉ ਨਾਲ ਆਪਣੇ ਦੂਲੇ ਪੰਥ ਦੇ, ਬਾਹਰ ਦੀ ਦੁਨੀਆ ਵਿਚ ਘਾਲਾਂ ਘਾਲ ਰਹੇ, ਪੰਥ ਦੁਲਾਰਿਆਂ ਦੀਆਂ ਕਮਲ ਜਮਾਲ ਕਰਨੀਆਂ ਨੂੰ ਵਿਚਾਰ ਵਿਚਾਰ ਵਿਗਸਦੇ ਹੁੰਦੇ ਸੀ ਅਤੇ ਅਸਾਡੇ ਦਿਲਾਂ ਦਿਮਾਗਾਂ ਅੰਦਰ ਹੁਣ ਤਾਈਂ ਭੀ ਓਹਨਾਂ ਕਮਲ ਜਮਾਲ ਕਰਨੀਆਂ ਦੀ ਖ਼ੁਸ਼ਬੋਈ ਸਮਾਈ ਪਈ ਹੈ। ਸਾਨੂੰ ਤਾਂ ਓਹਨਾਂ ਦੇ ਗੁਣ ਹੀ ਗੁਣ ਚੇਤੇ ਹਨ। ਅਸੀਂ ਹੈਰਾਨ ਹਾਂ

ਕਿ ਅਸਾਡੇ ਉਕਤ ਕਮਲ ਕਮਾਲੀ ਭਰਾਵਾਂ ਦੇ ਹਿਰਦਿਆਂ ਵਿਚ ਭੀ ਓਹੀ ਕਣੀ ਕਿਉਂ ਨਹੀਂ ਸਮਾਇ ਰਹੀ! ਪ੍ਰਸਪਰ ਇਕ ਦੂਜੇ ਦੇ ਗੁਣ ਕਿਉਂ ਨਹੀਂ ਦੇਖ ਰਹੇ! ਗੁਣਾਂ ਦੀ ਸਾਂਝ ਕਿਉਂ ਨਹੀਂ ਰੱਖ ਰਹੇ! "ਛੋਡਿ ਅਵਗਣ ਚਲੀਐ" ਵਾਲੀ ਗੁਰ-ਫੁਰਮਾਨ-ਦਰਸਾਈ ਕਰਨੀ ਕਿਉਂ ਨਹੀਂ ਕਮਾਇ ਰਹੇ! ਸਤਿਗੁਰੂ ਨੇ ਆਪਣੀ ਅਪਾਰ ਕਿਰਪਾ ਕਰਿ ਇਕ ਵਾਰ ਭੀ ਜਿਨ੍ਹਾਂ ਵਿਅਕਤੀਆਂ ਤੋਂ ਉਚ ਦਰਜੇ ਦੀ ਸੇਵਾ ਲਈ ਹੈ, ਓਹਨਾਂ ਤੋਂ ਦਾਸ ਦਾ ਇਹ ਹੀਅੜਾ ਵਾਰਨੇ ਬਲਿਹਾਰਨੇ ਜਾ ਰਹਿਆ ਹੈ। ਉਹਨਾਂ ਦੀਆਂ ਸੇਵਾ ਘਾਲਾਂ ਚੇਤੇ ਕਰਿ ਕਰਿ ਸਾਨੂੰ ਤਾਂ ਓਹਨਾਂ ਦੇ ਉਕਤ ਕਾਰਨਾਮੇ ਹੀ ਚਿਤਾਰਨੇ ਭਾਂਵਦੇ ਹਨ।

### ਅਉਗੁਣ ਨ ਚਿਤਾਰੋ-

**ਅਸੀਂ ਅਲਪੱਗ ਹਾਂ। ਭੁੱਲਾਂ ਅਸਾਡੇ ਸਾਰਿਆਂ ਵਿਚ ਹੀ ਹਨ-**

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥...॥੮॥੧੨॥**

**(ਸਿਰੀਰਾਗੁ ਮ. ੧, ਪੰਨਾ : ੬੧)**

**ਤਥਾ- ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥...॥੮॥੪॥**

**(ਪ੍ਰਭਾਤੀ ਮ. ੧, ਪੰਨਾ : ੧੩੪੪)**

ਗੁਰਵਾਕਾਂ ਅਨੁਸਾਰ ਗੁਰੂ ਕਰਤਾਰ ਤੋਂ ਛੁੱਟ ਅਸੀਂ ਸੱਭੇ ਹੀ ਭੁਲਣਹਾਰ ਹਾਂ। ਫੇਰ ਕਿਸੇ ਦੇ ਅਵਗੁਣ ਕਾਸਨੂੰ ਚਿਤਾਰੀਏ? ਆਉ ਸਭਸ ਦੇ ਗੁਣ-ਚਿਤਾਰੀ-ਵਾਸ-ਭੌਰੇ ਹੀ ਬਣੀਏ। ਸਾਨੂੰ ਤਾਂ ਰਹਿ ਰਹਿ ਕੇ ਅਸਾਡੀ ਪੰਥ-ਫੁਲਵਾੜੀ ਦੇ ਫੁੱਲਾਂ ਦੀ ਮਹਿਕ ਹੀ ਮਹਿਕ ਚੇਤੇ ਆ ਰਹੀ ਹੈ।

ਸਭ ਤੋਂ ਪਹਿਲੇ ਅਸਾਡੇ ਪੁਰਾਤਨੀ ਕਮਲ ਕਮਾਲ ਭੰਵਰੇ ਸਰਦਾਰ ਹਰਚੰਦ ਸਿੰਘ ਜੀ ਲਾਇਲਪੁਰੀ ਅਸਾਡੀ ਪ੍ਰੀਤ-ਯਾਦਗਾਰੀ ਸਫ ਵਿਚ ਆਇ ਸਸ਼ੋਭਤ ਹੋਏ ਹਨ। ੧੯੧੪ ਤੋਂ ਪਹਿਲਾਂ ਨਵ-ਜਾਗ੍ਰਤੀ-ਲਹਿਰ ਦਾ ਤੋਰਾ ਓਦੋਂ ਹੀ ਅਤੇ ਉਹਨਾਂ ਤੋਂ ਹੀ ਤੁਰਿਆ। ਅਸਾਨੂੰ ਤਾਂ ਉਹਨਾਂ ਦੀ ਕੁਰਬਾਨੀ ਹੀ ਕੁਰਬਾਨੀ ਚੇਤੇ ਹੈ। ਦਿਲ-ਜਾਨੀਆਂ ਦੀਆਂ ਦਿਲਜਾਨੀਆਂ ਹੀ ਚੇਤੇ ਹੋਣੀਆਂ ਹੋਈਆਂ।

ਓਸੇ ਸਫ਼ ਵਿਚ ਆਣ ਬੈਠੇ ਓਦੋਂ ਦੇ ਹੀ ਉਨ੍ਹਾਂ ਦੇ ਨਾਲ ਲਗਵੇਂ ਅਤੇ ਅਸਾਡੇ ਸੰਗੀ ਸਾਥੀ ਗੁਰਦਵਾਰਾ ਰਕਾਬ ਗੰਜ ਐਜੀਟੇਸ਼ਨ ਦੇ ਸਾਂਝੀਵਾਲਾਂ ਵਿਚੋਂ ਪੁਰਾਤਨ ਪੰਥ ਦਰਦੀ ਅਸਾਡੇ ਨਵਤਨ ਬਾਲੜੇ ਬੀਰ ਵੀਰ ਤਾਰਾ ਸਿੰਘ ਜੀ (ਮਾਸਟਰ), ਜੋ ਉਦੋਂ ਤੋਂ ਭੀ ਦੋ ਚਾਰ ਸਾਲ ਪਹਿਲਾਂ ਦੇ ਹੀ ਲਗਾਤਾਰ ਹੁਣ ਤਕ ਹਮਾ-ਤਨ ਹੋਇ ਪੰਥ ਸੇਵਾ ਦੀਆਂ ਘਾਲਾਂ ਘਾਲ ਰਹੇ ਹਨ। ਸਾਨੂੰ ਇਸ ਵੀਰ ਦੀ ਅਥੱਕ ਕੁਰਬਾਨੀ ਹੀ ਕੁਰਬਾਨੀ ਚੇਤੇ ਆ ਰਹੀ ਹੈ ਅਤੇ ਅਸਾਡੇ ਹਿਰਦਿਆਂ ਵਿਚ ਇਸ ਕੁਰਬਾਨੀ ਦਾ ਅਤੁਟ ਸਨਮਾਨ ਜਮਾਇ ਰਹਿਆ ਹੈ।

ਓਦੋਂ ਹੀ ਐਨ ਉਸ ਸਮੇਂ ਸਰਦਾਰ ਹਰਚੰਦ ਸਿੰਘ ਦੀ ਸੱਜੀ ਬਾਂਹ ਪੰਥ ਦੇ ਗੁਝੇ ਲਾਲ ਗੁਰਪੁਰ ਨਿਵਾਸੀ ਸ੍ਰੀ ਯੁਤ ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਪੰਥ ਕੁਰਬਾਨੀ ਦੀ ਕਰਬਲਾ ਵਿਚ ਆਣ ਚਮਕੇ। ਇਹ ਨਿਰੋਲ ਨਿਰਮਾਣ ਨਿਸ਼ਕਾਮ ਕਰਨੀਆਂ ਪੰਥ ਲਈ ਖ਼ਾਸ ਫ਼ਖ਼ਰ ਦਾ ਕਾਰਨ ਹਨ। ਭਾਵੇਂ ਉਹ ਪੰਥ ਅਤੇ ਦੇਸ ਦੀ ਕੁਰਬਾਨੀ ਵਾਲੇ ਹਵਨ-ਕੁੰਡ ਵਿਚਿ ਆਪਣੀ ਆਹੂਤੀ ਦੇ ਕੇ ਕਈ ਸਾਲਾਂ ਤੋਂ ਗੁਰਪੁਰੀ ਨੂੰ ਪਧਾਰ ਚੁਕੇ ਹਨ, ਪਰ ਓਹਨਾਂ ਦੀ ਅਦੁੱਤੀ ਯਾਦਗਾਰ ਕਦੇ ਭੀ ਨਹੀਂ ਵਿਸਾਰੀ ਜਾ ਸਕਦੀ।

ਓਦੋਂ ਦੀ ਹੀ ਇਹਨਾਂ ਉਪਰਲਿਆਂ ਪੰਥ-ਪਰਵਾਨਿਆਂ ਦੇ ਨਾਲ ਲਗਵੀਂ ਹੀ ਸਰਦਾਰ ਸੁੰਦਰ ਸਿੰਘ ਜੀ ਲਾਇਲਪੁਰੀ ਦੀ ਯਾਦ-ਆਵਰੀ ਕੁਛ ਘਟ ਦਿਲ ਮੋਹਣੀ ਤਾਂ ਨਹੀਂ। ਓਦੋਂ ਦੀਆਂ ਵੀਰ ਸੁੰਦਰ ਸਿੰਘ ਲਾਇਲਪੁਰੀ ਦੀਆਂ ਦਲੇਰੀਆਂ ਅਤੇ ਨਿਰਭੈ ਭਬਕਾਂ ਅਤੇ ਨਿੱਗਰ ਕਾਰਨਾਮਿਆਂ ਨੇ ਹੀ ਅਕਾਲੀ ਲਹਿਰ ਦੇ ਪਹੁ-ਫੁਟਾਲੇ ਵਿਚ ਅਦੁੱਤੀ ਪੰਥ-ਦੂਲਿਆਂ ਦੇ ਨਾਲ ਮਿਲ ਕੇ ਪਹਿਲ ਕੀਤੀ ਸੀ ਅਤੇ ਖਾਸੇ ਚਿਰ ਤਕ ਡਟੇ ਰਹੇ। ਓਹਨਾਂ ਦੀਆਂ ਬੜੀਆਂ ਬੜੀਆਂ ਪੰਥ ਅਤੇ ਦੇਸ ਸੇਵਾ ਦੀਆਂ ਕਾਰ-ਗੁਜ਼ਾਰੀਆਂ ਅਸਾਡੇ ਚੇਤੇ ਹਨ। ਪਰ ਏਥੇ ਵਿਥਾਰ ਕੀ ਕਰਨਾ ਹੈ; ਲੇਖ ਵਧ ਜਾਏਗਾ। ਗੁਰੂ ਨੇ ਹੀ ਪ੍ਰੇਰ ਕੇ ਇਹ ਸੇਵਾ ਓਹਨਾਂ ਤੋਂ ਕਰਾਈ, ਭੁਲ-ਭੁਲਈਆਂ ਦਿਲਾਵਣਹਾਰਾ ਆਪੇ ਹੀ ਓਹਨਾਂ ਨੂੰ ਭਾਣੇ ਅੰਦਰ ਫੇਰ ਪੰਥਕ ਮੈਦਾਨ ਵਿਚ ਲੈ ਆਵੇਗਾ।

ਏਹਨਾਂ ਦੇ ਨਾਲ ਲਗਦੇ ਹੀ ਪੰਥ ਅਤੇ ਦੇਸ ਸੇਵਾ ਦੀ ਅਤੇ ਕਾਹਲੀ ਆਸ਼ਕੀ ਵਾਲੇ ਅਨਿੰਨ ਪਰਵਾਰੇ ਉਪਜੇ ਤਾਂ ਅਸਾਡੇ ਸ਼ੇਰ ਦਿਲ ਦੀਆਂ ਭਬਕਾਂ ਨੂੰ ਭੀ ਮਾਤ ਕਰਨਹਾਰੇ ਫ਼ਖ਼ਰੇ ਕੌਮ ਮਾਸਟਰ ਮੋਤਾ ਸਿੰਘ ਜੀ ਅਨੰਦਪੁਰੀ ਅਕਾਲੀ ਉਪਜੇ, ਜਿਨ੍ਹਾਂ ਨੇ ਆਪਣੀ ਕੁਰਬਾਨੀ ਦਾ ਮੁੱਢ ਅਸਾਡੇ ਨਾਲ ਹੀ ਗੁਰਦਵਾਰਾ ਰਕਾਬ ਗੰਜ ਦੀ ਸੇਵਾ ਤੋਂ ਬੰਨ੍ਹਿਆ। ਉਸ ਸਮੇਂ ਦੇ ਇਕੋ ਇਕ ਉਘੇ ਪੰਥ ਅਖਬਾਰ 'ਖਾਲਸਾ ਅਖਬਾਰ' ਦੀ ਅਰੰਭਕ ਧੜੱਲੇਦਾਰ ਐਡੀਟਰੀ ਦੀ ਧਾਂਕ ਪਾਈ, ਤਾਂ ਮਾਸਟਰ ਮੋਤਾ ਸਿੰਘ ਜੀ ਨੇ ਪਾਈ। ਪਿਛੋਂ ਮਾਰਸ਼ਲ-ਲਾ ਦੇ ਸਮੇਂ ਪੰਥ ਦੀ ਰਖ ਵਿਖਾਈ ਤਾਂ ਇਸੇ ਮੁਕਟ ਮੋਤੀਸ਼ਰ ਨੇ ਰਖ ਵਿਖਾਈ। ਫੇਰ ਸਤਿਗੁਰੂ ਨੇ ਏਸ ਜੰਗ ਬਹਾਦਰ ਨੂੰ ਪ੍ਰੇਰ ਕੇ ੧੯੧੪ ਵਾਲੇ ਸ਼ਹੀਦਾਂ ਅਤੇ ਉਮਰ ਕੈਦੀਆਂ ਦੀਆਂ ਕਰਨੀਆਂ ਉਤੇ ਫੁੱਲ ਚੜ੍ਹਾਇ ਕੇ ਦੇਸ ਅਤੇ ਕੌਮ ਨੂੰ ਆਪਣੀ ਗਰਜਵੀਂ ਅਵਾਜ਼ ਨਾਲਿ ਹਲੂਣਿਆ ਅਤੇ ਆਪ ਖ਼ੁਦ ਅਗਿਣਤ ਕਾਰਨਾਮਿਆਂ ਕਰਿ ਬੜੇ ਤਸੀਹੇ ਸਹੇ ਅਤੇ ਜਫਰ ਜਾਲੇ, ਜਿਨ੍ਹਾਂ ਦੀ ਦਾਸਤਾਨ ਅਸਾਡੇ ਹਿਰਦੇ ਉਤੇ ਅਤਿ ਉੱਚ ਜ਼ਿਕਰੇ ਖ਼ੈਰ ਨਾਲ ਉੱਕਰੀ ਪਈ ਹੈ। ਸਤਿਗੁਰੂ ਨੇ ਹੀ ਇਸ ਵਿਅਕਤੀ ਵਿਖੇ ਇਹ ਅਮਿੱਤ ਬਲ ਪ੍ਰਦਾਨ ਕਰ ਕੇ ਅਟੁਟ ਕੁਰਬਾਨੀਆਂ ਕਰਾਈਆਂ। ਗੁਰੂ ਬਰਕਤਾਂ ਤੇ ਗੁਣ ਹੀ ਗੁਣ ਅਸਾਡੇ ਚੇਤੇ ਹਨ ਅਤੇ ਇਹੋ ਕਹਿਣੇ ਚਾਹੀਏ।

ਪੁਰਾਤਨ ਪਾਰਗਰਾਮੀ ਸੌ ਸਾਖੀਆਂ ਅੰਦਰ ਬਿਦਤਾਏ "ਮੇਰੋ ਇਕ ਵਣਜਾਰੋ ਸਿੱਖ" ਸ੍ਰੀ ਮਾਨ ਪ੍ਰਸਿਧ ਬਾਬਾ ਗੁਰਦਿਤ ਸਿੰਘ ਜੀ ਦੀਆਂ ਸ਼ੁਭ ਕਰਨੀਆਂ ਦਾ ਚੇਤਾ ਭੀ ਸਾਨੂੰ ਵਿਗਸਾਇ ਫੁਲਾਇ ਰਿਹਾ ਹੈ।

ਅਸਾਡੀ ਲੰਬੀ ਜੇਲ੍ਹ ਯਾਤਰਾ ਦੇ ਸਮੇਂ ਅੰਦਰ ਫੇਰ ਅਨੇਕਾਂ ਹੀ ਇਕ ਦੂੰ ਇਕ ਚੜ੍ਹਦੀਆਂ ਕੁਰਬਾਨੀਆਂ-ਪੁੰਜ ਪੰਥਕ ਹਸਤੀਆਂ ਉਪਜੀਆਂ, ਜਿਨ੍ਹਾਂ ਦਾ ਟੂਕ ਮਾਤਰ ਰਮਜ਼ ਚੇਤਾਵਨੀ ਏਥੇ ਚਿਤਾਰਨੀ ਕਾਫ਼ੀ ਹੋਊ। ਹਜ਼ਾਰੀ ਬਾਗ ਦੀ ਜੇਲ੍ਹ ਅੰਦਰ ਸਾਨੂੰ ਸਭ ਤੋਂ ਪਹਿਲਾਂ ਮੁਖੀ ਪੰਥ ਨਵ ਯੁਵਕਾਂ ਵਿਚੋਂ ਗਿਆਨੀ ਸਰਦੂਲ ਸਿੰਘ ਕਵੀਸ਼ਰ ਦਾ ਉਘਾ ਨਾਉਂ ਵਿਦਮਾਨ ਹੋਇਆ। ਇਹਨਾਂ ਨੇ ਹੰਭਲਾ ਮਾਰ ਕੇ ਅਤੇ ਪੁਰਾਤਨ ਬਹਾਦਰ ਸਿੰਘਾਂ ਵਾਲਾ ਮਾਰਗ ਵਿਖਾ ਕੇ ਗੁਰਦਵਾਰਾ ਰਕਾਬ ਗੰਜ ਦੀ ਰਹਿੰਦੀ ਸੇਵਾ ਨੂੰ ਸਰਅੰਜਾਮ ਦਿੱਤਾ। ਓਹਨਾਂ ਦੀ ਲਿਖਤੀ ਇਕ ਕਿਤਾਬ ਅਸਾਨੂੰ ਪਹਿਲੇ ਪਹਿਲ ਜੇਲ੍ਹ ਵਿਚ ਮਿਲੀ, ਜਿਸ ਤੋਂ ਅਸਾਨੂੰ "ਸ੍ਰੀ ਨਨਕਾਣੇ ਸਾਹਿਬ" ਦੇ ਸਾਕੇ ਦਾ ਸਮਾਚਾਰ ਮਿਲਿਆ।

ਨਾਲ ਲਗਵੇਂ ਹੀ ਵੀਰ ਹੀਰਾ ਸਿੰਘ ਜੀ ਦਰਦ ਰਚਿਤ "ਦਰਦ ਸੁਨੇਹੇ' ਸਾਨੂੰ ਦੂਰ ਦਰਾਜ਼ ਬੈਠਿਆਂ ਨੂੰ ਮਿਲੇ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਦਰਦਨਾਕ ਸਾਕੇ ਦੀ ਤਸਵੀਰ ਅਸਾਡੇ ਸਾਹਮਣੇ ਖੜੀ ਹੋ ਗਈ। ਸ਼ਹੀਦ ਲਛਮਣ ਸਿੰਘ, ਦਲੀਪ ਸਿੰਘ ਅਤੇ ਸਮੂਹ ਸ਼ਹੀਦਾਂ ਦੀਆਂ ਸ਼ਹੀਦੀਆਂ ਅਸਾਡੀਆਂ ਦਿਲ ਦੀਆਂ ਤਖ਼ਤੀਆਂ ਉਤੇ ਅੰਕਰਾਈਆਂ ਤਾਂ ਏਹਨਾਂ ਵੀਰਾਂ ਹੀ ਅੰਕਰਾਈਆਂ। ਏਹਨਾਂ ਦੋਹਾਂ ਵੀਰਾਂ ਦੀ ਉਘੀ ਪੰਥ ਅਤੇ ਦੇਸ਼ ਸੇਵਾ ਕਦੇ ਭੀ ਅਖੀਓਂ ਓਹਲੇ ਨਹੀਂ ਕੀਤੀ ਜਾ ਸਕਦੀ। ਬਲਕਿ ਉਸ ਦੀ ਯਾਦ ਮਾਤ੍ਰ ਹੀ ਹਿਰਦਿਆਂ ਨੂੰ ਤਰੋ ਤਾਜ਼ਾ ਕਰ ਰਹੀ ਹੈ।

ਹਜ਼ਾਰੀ ਬਾਗ਼ ਜੇਲ੍ਹ ਵਿਚੋਂ ਰਾਜ ਮੰਦਰੀ ਜੇਲ੍ਹ ਦਾ ਚਲਾਣ ਹੋਣ ਸਮੇਂ ਕਈਆਂ ਸਾਲਾਂ ਪਿਛੋਂ ਅਸਾਨੂੰ ਬਾਹਰਲੀ ਹਵਾ ਲਗੀ। ਤਾਂ ਅਸਾਨੂੰ ਪੰਥਕ ਕਾਰਨਾਮਿਆਂ ਦੀਆਂ ਬੇਅੰਤ ਹੀ ਪਵਨ ਝਕੋਲੀਆਂ ਸੁਗੰਧਾਂ ਆਈਆਂ। ਹੁਣ ਤਾਂ ਅਸਾਨੂੰ ਪੰਥਕ ਅਖਬਾਰਾਂ ਦੀਆਂ ਭੀ ਉਡੰਤ ਆਗਮਨੀਆਂ ਹੋਣ ਲਗ ਪਈਆਂ। ਪੰਥ ਨਵਲ, ਨਵਲ ਪੰਥ ਸੇਵਕਾਂ ਦੇ ਨਾਉਂ ਅਤੇ ਓਹਨਾਂ ਦੀਆਂ ਅਦੁਤੀ ਕੁਰਬਾਨੀਆਂ ਦੀ ਸੋਇ ਸੁਣਿ ਸੁਣਿ ਕੇ ਹੀ ਕ੍ਰਿਤ ਕ੍ਰਿਤ ਹੋਇ ਜਾਂਦੇ ਰਹੇ।

ਸਰਦਾਰ ਖੜਕ ਸਿੰਘ ਦਾ ਨਾਮ ਭੀ ਅਸਾਨੂੰ ਰਾਜ ਮੰਦਰੀ ਜਾ ਕੇ ਵਿਦਤ ਹੋਇਆ। ਜਿਸ ਜੁੜਵੇਂ ਪਿਆਰ ਸਤਿਕਾਰ ਨਾਲ ਸਰਦਾਰ ਖੜਕ ਸਿੰਘ ਜੀ ਅਤੇ ਮਾਸਟਰ ਤਾਰਾ ਸਿੰਘ ਜੀ, ਮਾਸਟਰ ਤਾਰਾ ਸਿੰਘ ਜੀ ਅਤੇ ਗਿਆਨੀ ਸ਼ੇਰ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ ਅਤੇ ਸ. ਮੰਗਲ ਸਿੰਘ ਜੀ, ਸਰਦਾਰ ਮੰਗਲ ਸਿੰਘ ਜੀ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ, ਸਰਦਾਰ ਮਹਿਤਾਬ ਸਿੰਘ ਜੀ ਅਤੇ ਪੰਥ ਦੇ ਪ੍ਰਸਿੱਧ ਤੇ ਨਿਰਭੈ ਯੋਧੇ ਝਬਾਲ ਬ੍ਰਾਦਰਜ਼ ਸ੍ਰੀ ਯੁਤ ਸਰਦਾਰ ਅਮਰ ਸਿੰਘ ਜੀ ਸਾਹਿਬ, ਸਰਦਾਰ ਸਰਮੁਖ ਸਿੰਘ ਜੀ ਅਤੇ ਸਰਦਾਰ ਜਸਵੰਤ ਸਿੰਘ ਜੀ ਸਾਹਿਬਾਨ ਪ੍ਰਸਪਰ ਮਿਲ ਕੇ ਅਤੇ ਇਕ ਜਾਨ ਹੋ ਕੇ ਪੰਥ ਸੇਵਾ ਵਿਖੇ ਜੁਟੇ ਰਹਿੰਦੇ ਸਨ, ਓਹ ਦਿਵਸ ਪੰਥ ਦੇ ਸੁਨਹਿਰੀ ਇਤਿਹਾਸ-ਪਤਰਿਆਂ-ਪੂਰਤ ਹੈ। ਓਦੋਂ ਕੋਈ ਕਿਸੇ ਦੀ ਤਤੀ ਵਾਉ ਭੀ ਸਹਾਰਨ ਦਾ ਰਵਾਦਾਰ ਨਹੀਂ ਸੀ ਹੁੰਦਾ।

ਪਿਆਰੇ ਵੀਰਨੋ! ਗੁਰ ਤੁੱਠੇ ਸੱਚੇ ਪਾਤਸ਼ਾਹ ਨੇ ਤੁਸਾਡੇ ਪਾਸੋਂ ਵਧ ਤੋਂ ਵਧ ਪੰਥ ਦੀਆਂ ਖ਼ਿਦਮਤਾਂ ਲਈਆਂ ਹਨ। ਅਸਾਡੀ ਅਰਦਾਸ ਹੈ ਕਿ ਤੁੱਠਾ ਸਾਹਿਬ ਤੁਸਾਡੀਆਂ ਉਕਤ ਖ਼ਿਦਮਤਾਂ ਦਾ ਸਿਲਾ ਤੁਸਾਨੂੰ ਇਹੋ ਬਖਸ਼ੇ ਕਿ ਤੁਸਾਡੇ ਅੰਦਰ ਪ੍ਰਸਪਰ ਓਹੋ ਪਿਆਰ-ਕਣੀ ਪ੍ਰਵੇਸ਼ ਹੋਵੇ ਤੇ ਤੁਸਾਡੀਆਂ ਮਤਸਰਾਂ ਅਤੇ ਸ਼ਕਰ-ਰੰਜੀਆਂ ਦਾ ਵਿਨਾਸ ਹੋਵੇ।

## ਪੰਥ ਦੀ ਚੜ੍ਹਦੀ ਕਲਾ ਕਦੋਂ ਹੋਣੀ ਹੈ ?

ਗੁਰੂ ਨੇ ਆਪਣੇ ਪੰਥ ਦੀ ਚੜ੍ਹਦੀ ਕਲਾ ਜ਼ਰੂਰ ਰਖਣੀ ਹੈ, ਅਰ "ਨਾਨਕ ਨਾਮ ਚੜ੍ਹਦੀ ਕਲਾ" ਵਾਲਾ ਹੁਲਾਰਾ ਜਦੋਂ ਕਦੀ ਵੱਜਿਆ ਹੈ ਅਤੇ ਵਜਣਾ ਹੈ ਤਾਂ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਦੁਆਰਾ ਹੀ ਵਜਿਆ ਹੈ ਤੇ ਵਜਣਾ ਹੈ। ਨਾਮ ਦੁਆਰਾ ਹੀ ਚੜ੍ਹਦੀ ਕਲਾ ਹੈ। ਨਾਮ ਕਮਾਈਆਂ ਦੁਆਰਾ ਪਹਿਲਾ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨ ਪੈਦਾ ਹੋਣੇ ਹਨ, ਫਿਰ ਓਹਨਾਂ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨੀ-ਖਾਲਸ-ਜਨਾਂ ਦੇ ਸਮੁਦਾਇ ਦੁਆਰਾ ਸਰਬੱਤ ਦਾ ਭਲਾ ਹੋਣਾ ਹੈ। ਨਵੀਆਂ ਰੂਹਾਂ ਭੀ ਪੈਦਾ ਹੋਣਗੀਆਂ ਅਤੇ ਪੁਰਾਣੀਆਂ ਰੂਹਾਂ ਸੁਰਜੀਤ ਹੋ ਕੇ ਜਦੋਂ ਨਵ-ਜੀਵਨੀ ਰੂਹਾਂ ਹੋ ਜਾਣਗੀਆਂ ਤਾਂ ਓਹ ਭੀ ਆਉਣ ਵਾਲੀ ਸਰਬੱਤ ਦੇ ਭਲੇ ਵਾਲੀ ਸਾਂਝੀ-ਵਾਲਤਾ ਵਿਚ ਭਾਈਵਾਲ ਹੋਣਗੀਆਂ। ਪਿੱਛੇ ਵੀ ਜੋ ਕਲਾ ਵਰਤੀ, ਉਹ ਨਾਮ ਕਮਾਈ ਵਾਲਿਆਂ ਦੀ ਬਰਕਤ ਸੀ। ਅਨੇਕ ਗੁਪਤ ਪ੍ਰਗਟ ਜੀਵਨ ਜੇਲ੍ਹ ਅੰਦਰ ਬੈਠੇ ਅਤੇ ਬਾਹਰ ਬਿਚਰਦੇ ਹੋਏ ਓਹਨੀਂ ਦਿਨੀਂ ਨਾਮ ਦੀਆਂ ਸਿਰਤੋੜ ਅਭਿਆਸ ਕਮਾਈਆਂ ਕਰ ਰਹੇ ਸਨ, ਜਿਨ੍ਹਾਂ ਦਾ ਪ੍ਰਭਾਵ ਸਾਰੇ ਪੰਥ ਵਿਖੇ ਵਰਤ ਰਿਹਾ ਸੀ, ਹੁਣ ਭੀ ਵਰਤੇਗਾ।

ਗੁਰੂ ਸੱਚਾ ਪਾਤਸ਼ਾਹ ਆਪਣੇ ਪੰਥ ਦਾ ਆਪ ਵਾਲੀ ਹੈ। ਮਤ ਕੋ ਕਿਸੇ ਨੂੰ ਇਹ ਗੁਮਾਨ ਰਹੇ ਕਿ ਕਿਸੇ ਖ਼ਾਸ ਪੰਥਕ ਆਗੂ ਦੀ ਕੁਰਬਾਨੀ ਬਿਨਾਂ ਪੰਥ ਨੇ ਨਹੀਂ ਉਭਰਨਾ। ਕੁਰਬਾਨੀ ਕਰਨ ਕਰਾਵਨਹਾਰਾ ਸਤਿਗੁਰ ਆਪ ਹੈ।

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥...॥੩॥ (॥੫॥੫॥੧੨੬॥)**
**(ਗਉੜੀ ਮ. ੫, ਪੰਨਾ: ੨੦੬)**

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਜੋ ਜੋ ਨੁਮਾਇਆਂ ਖ਼ਿਦਮਤਾਂ ਪੰਥ ਦੇ ਉਘੇ ਨਾਵਾਂ ਵਾਲੇ ਸੇਵਕਾਂ ਨੇ ਕੀਤੀਆਂ ਹਨ, ਉਹ ਕਦੇ ਭੁਲਾਉਣ ਵਾਲੀਆਂ ਨਹੀਂ, ਤੇ ਨਾ ਕਦੇ ਓਹਨਾਂ ਦੀ ਸ਼ਲਾਘਾ ਘਟ ਹੋ ਸਕਦੀ ਹੈ। ਗੁਰਦਵਾਰਿਆਂ ਨੂੰ ਪੰਥ ਦੀ ਹਵਾਲਗੀ ਵਿਚ ਲਿਆਉਣ ਲਈ ਜੋ ਨਿਗਰ ਸੇਵਾ ਪੰਥ ਦੇ ਜਬਰਜੰਗ ਜੋਧਿਆਂ ਸ੍ਰੀ ਮਾਨ ਭਾਈ ਤੇਜਾ ਸਿੰਘ ਜੀ ਭੁੱਚਰ ਤੇ ਭਾਈ ਕਰਤਾਰ ਸਿੰਘ ਜੀ ਝੱਬਰ ਪਾਸੋਂ ਸਤਿਗੁਰੂ ਨੇ ਲਈ ਹੈ, ਉਸ ਸੇਵਾ ਦੇ ਗੁਣਾਂ ਨੂੰ ਪੰਥ ਕਦੇ ਨਹੀਂ ਭੁਲਾ ਸਕਦਾ। ਜਥੇਬੰਦੀ ਦੀ ਉਸਾਰੀ ਵਿਚ ਜੋ ਅਤੀ ਸ਼ਲਾਘਾ ਯੋਗ ਸੇਵਾ ਉਸ ਸਮੇਂ ਸਤਿਗੁਰੂ ਪੰਥ ਦੇ ਵਾਲੀ ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੇ ਪੰਥ ਸੇਵਕ ਸਰਦਾਰ ਖੜਕ ਸਿੰਘ ਜੀ, ਸਰਦਾਰ ਅਮਰ ਸਿੰਘ ਜੀ ਝਬਾਲੀਆ ਪਾਸੋਂ ਲਈ ਹੈ, ਇਹ ਸਦਾ ਸੁਨਹਿਰੀ ਅੱਖਰਾਂ ਨਾਲ ਲਿਖੀ ਜਾਣ ਵਾਲੀ ਹੈ। ਓਹਨਾਂ ਉਪਰ ਜਿੰਨਾ ਭੀ ਪੰਥ ਮਾਣ ਕਰੇ, ਥੋੜਾ ਹੈ।

ਪਿਆਰਿਓ! ਊਣਤਾਈਆਂ ਤੇ ਭੁਲਾਂ ਤਾਂ ਹੋਇਆ ਹੀ ਕਰਦੀਆਂ ਹਨ, ਪਰ ਕੌਣ ਕਹਿ ਸਕਦਾ ਹੈ ਕਿ ਗਿਆਨੀ ਸ਼ੇਰ ਸਿੰਘ ਨੇ ਮਾਸਟਰ ਤਾਰਾ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਭਾ: ਸ਼ੇਰ ਸਿੰਘ ਗਿਆਨੀ ਦੇ ਹਮ-ਪੱਲਾ ਹੋ ਕੇ ਅਥੱਕ ਅਤੇ ਅਮੋਲਕ ਸੇਵਾ ਨਹੀਂ ਕੀਤੀ। ਉਹਨਾਂ ਦੇ ਇਹਨਾਂ ਗੁਣਾਂ ਨੂੰ ਭੁਲਾਉਣਾ ਅਯੋਗ ਹੈ। ਪਰ ਉਕਤ ਦੋਹਾਂ ਪੰਥ ਮੁਖੀਆਂ ਨੂੰ ਭੀ ਇਕ ਦੂਜੇ ਦੇ ਗੁਣ ਸਾਰਗ੍ਰਾਹੀ ਹੋਇ ਕੇ ਪ੍ਰਸਪਰ ਪ੍ਰੇਮ ਵਧਾਉਣਾ ਚਾਹੀਦਾ ਹੈ, ਨਾ ਕਿ ਇਕ ਦੂਜੇ ਦੀਆਂ ਭੁਲਾਂ ਵਲ ਵੰਗਾਰਿ ਵੰਗਾਰਿ ਕੇ ਵਧਣਾ ਚਾਹੀਦਾ ਹੈ। "ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ" ਵਾਲੇ ਗੁਰਵਾਕ ਉਪਰ ਚਲਣਾ ਚਾਹੀਦਾ ਹੈ ਅਤੇ ਚਲ ਕੇ ਗੁਰੂ ਦੀਆਂ ਖ਼ੁਸ਼ੀਆਂ ਲੈਣੀਆਂ ਚਾਹੀਦੀਆਂ ਹਨ।

ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਅਵਤਾਰ ਦਿਹਾੜੇ ਦੀ ਯਾਦਗਾਰ ਵਿਚ ਅੱਜ ਜੇਕਰ ਇਹ ਕੋਈ ਪੰਥ ਭੂਸ਼ਨ ਖ਼ਾਸ ਕਰਕੇ ਤੇ ਹੋਰ ਸਾਰੇ ਮੁਖੀ ਸੇਵਕ ਆਪੋ ਆਪਣੀ ਮਤਸਰੀ ਧੜੇਬੰਦੀਆਂ ਨੂੰ ਛਡ ਦੇਣ ਤਾਂ ਉਨ੍ਹਾਂ ਦੀ ਏਸ ਕੁਰਬਾਨੀ ਦਾ ਸਦਕਾ ਤੁੱਠਾ ਪਾਤਸ਼ਾਹ ਓਹਨਾਂ ਦੇ ਅਵਗੁਣਾਂ ਉਤੇ ਮੇਹਰ ਦਾ ਪੜਦਾ ਪਾਏਗਾ। ਅੱਜ ਕਲ੍ਹ ਜਿੰਨੇ ਭੀ ਪੰਥ ਵਿਖੇ ਧੜੇ ਬਣ ਰਹੇ ਹਨ, ਇਹ ਸਭ ਇਕ ਦੂਜੇ ਦੇ ਅਵਗੁਣ ਚਿਤਾਰਨ ਅਤੇ ਛਿੱਦਰ ਫੋਲਣ ਦੇ ਕਾਰਨ ਹੋਏ ਹਨ। ਜੇਕਰ ਸਿਰਲੇਖ ਵਿਚ ਦਿਤੇ ਗੁਰਪ੍ਰਮਾਣਾਂ ਦੀ ਪੂਰਨ ਵਰਤੋਂ ਇਸ ਲੇਖ ਦੇ ਮੁਢ ਵਿਚ ਦਿਤੀ ਬਿਧੀ ਅਨੁਸਾਰ ਕੀਤੀ ਜਾਵੇ ਤਾਂ ਸਭ ਝਗੜੇ ਮਿੱਟ ਸਕਦੇ ਹਨ।

ਐ ਪੰਥ ਭੂਸ਼ਨੋ! ਅਤੇ ਪੰਥ ਮੁਖੀਓ ਤੇ ਪੰਥ ਪ੍ਰਸਿਧ ਸੇਵਕ ਜਨੋ! ਤੁਸਾਡੀਆਂ ਸਾਰੀਆਂ ਕੀਤੀਆਂ ਖ਼ਿਦਮਤਾਂ ਅਤੇ ਕੁਰਬਾਨੀਆਂ ਦੇ ਸਿਰ ਕੁਰਬਾਨੀ ਤੁਸਾਡੀ ਇਹ ਹੋਵੇਗੀ, ਜੇ ਅੱਜ ਦੇ ਪਵਿੱਤਰ ਦਿਹਾੜੇ ਪੰਥ ਵਾਲੀ ਦੇ ਪਵਿੱਤਰ ਅਵਤਾਰ ਪੁਰਬ ਦਿਹਾੜੇ ਤੁਸੀਂ ਆਪੋ ਆਪਣੀਆਂ ਮਨ ਦੀਆਂ ਮਤਸਰਾਂ ਛੱਡਣ ਦੇ ਰਾਹ ਪੈ ਜਾਵੋਗੇ ਅਤੇ ਧੜੇਬੰਦੀਆਂ ਤੇ ਚੌਧਰਾਂ ਦੇ ਕੁਚੱਸਕੇ ਨੂੰ ਛਡਦੇ ਹੋਏ ਇਕ ਦੂਜੇ ਦੇ ਗੁਣ-ਗ੍ਰਾਹੀ ਹੋਣ ਦੀਆਂ ਪਧਰੀਆਂ ਪਾੜੀਆਂ (ਪਟੜੀਆਂ) ਤੇ ਪੈ ਜਾਵੋਗੇ ਅਤੇ ਗੁਰਮਤਿ ਦੇ ਉੱਚ ਆਦਰਸ਼ ਅਨੁਸਾਰ ਇਸ ਗੁਰਵਾਕ ਨੂੰ ਆਪਣੇ ਉਪਰ ਘਟਾਉਣ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋਗੇ :-

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥**
**ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥**
**ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥**
**ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ ॥੪॥੩॥**
**(ਧਨਾਸਰੀ ਮ. ੫, ਪੰਨਾ : ੬੭੧)**

## ਗੁਰਬਾਣੀ ਦੀ ਪਾਰਸ-ਕਲਾ

# ਸਰਬ ਰੋਗ ਕਾ ਅਉਖਦੁ ਨਾਮੁ

**ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ**

*ਦਾਸ ਨੂੰ ਅੰਮ੍ਰਿਤ ਛਕਣ ਤੋਂ ਪਹਿਲਾਂ ਹੀ ਭਲੀ ਪਰਕਾਰ ਕਈ ਇਕ ਗੁਰਮਤਿ ਅਸੂਲਾਂ ਤੇ ਗੁਰੂ-ਘਰ ਦਿਆਂ ਅਕੀਦਿਆਂ ਦੀ ਸਚਾਈ ਉੱਤੇ ਦ੍ਰਿੜ੍ਹ ਭਰੋਸਾ ਹੋ ਚੁੱਕਾ ਸੀ। ਉਹਨਾਂ ਵਿਚੋਂ ਇਕ ਇਹ ਭੀ ਸੀ ਕਿ ''ਸਰਬ ਰੋਗ ਕਾ ਅਉਖਦੁ ਨਾਮੁ'' ਦੇ ਗੁਰਵਾਕ ਅਨੁਸਾਰ ਜਿਤਨੇ ਭੀ ਸਰੀਰਕ ਤੇ ਮਾਨਸਕ ਰੋਗ ਹਨ, ਸਭ ਦੀ ਦਾਰੂ-ਔਖਧੀ ਇਕ ਨਾਮ, ਕੇਵਲ ਨਾਮ ਹੈ। ਇਹ ਸਭ ਤੋਂ ਸੱਚੀ ਸ੍ਰੇਸ਼ਟ ਔਖਧੀ ਹੈ। ਇਸ ਵਿਸ਼ੇ 'ਤੇ ਕਈ ਵਾਰ ਪਿਤਾ ਹੋਰਾਂ ਨਾਲ ਚਰਚਾ ਹੋ ਪੈਂਦੀ ਸੀ, ਪਰ ਉਹ ਨਹੀਂ ਚਾਹੁੰਦੇ ਸਨ ਕਿ ਮੈਂ ਦਵਾਈਆਂ ਆਦਿਕ ਵਲੋਂ ਕਿਸ ਬੀਮਾਰੀ ਠੁਮਾਰੀ ਦੇ ਵੇਲੇ ਇਨਕਾਰੀ ਹੋਵਾਂ ਤੇ ਨਾ ਹੀ ਉਹਨਾਂ ਦਾ ਭਰੋਸਾ ਬਝਦਾ ਸੀ ਕਿ ਸਚਮੁਚ ਨਾਮ ਵਿਚ ਸਰਬ ਰੋਗਾਂ ਦੇ ਦਾਰੂ ਕਰਨ ਦੀ ਕਲਾ ਹੈ।*

ਦਾਸ ਨੂੰ ਅੰਮ੍ਰਿਤ ਛਕਣ ਤੋਂ ਪਹਿਲਾਂ ਹੀ ਭਲੀ ਪਰਕਾਰ ਕਈ ਇਕ ਗੁਰਮਤਿ ਅਸੂਲਾਂ ਤੇ ਗੁਰੂ-ਘਰ ਦਿਆਂ ਅਕੀਦਿਆਂ ਦੀ ਸਚਾਈ ਉੱਤੇ ਦ੍ਰਿੜ੍ਹ ਭਰੋਸਾ ਹੋ ਚੁੱਕਾ ਸੀ। ਉਹਨਾਂ ਵਿਚੋਂ ਇਕ ਇਹ ਭੀ ਸੀ ਕਿ "ਸਰਬ ਰੋਗ ਕਾ ਅਉਖਦੁ ਨਾਮੁ" ਦੇ ਗੁਰਵਾਕ ਅਨੁਸਾਰ ਜਿਤਨੇ ਭੀ ਸਰੀਰਕ ਤੇ ਮਾਨਸਕ ਰੋਗ ਹਨ, ਸਭ ਦੀ ਦਾਰੂ-ਔਖਧੀ ਇਕ ਨਾਮ, ਕੇਵਲ ਨਾਮ ਹੈ। ਇਹ ਸਭ ਤੋਂ ਸੱਚੀ ਸ੍ਰੇਸ਼ਟ ਔਖਧੀ ਹੈ। ਇਸ ਵਿਸ਼ੇ 'ਤੇ ਕਈ ਵਾਰ ਪਿਤਾ ਹੋਰਾਂ ਨਾਲ ਚਰਚਾ ਹੋ ਪੈਂਦੀ ਸੀ, ਪਰ ਉਹ ਨਹੀਂ ਚਾਹੁੰਦੇ ਸਨ ਕਿ ਮੈਂ ਦਵਾਈਆਂ ਆਦਿਕ ਵਲੋਂ ਕਿਸ ਬੀਮਾਰੀ ਠੁਮਾਰੀ ਦੇ ਵੇਲੇ ਇਨਕਾਰੀ ਹੋਵਾਂ ਤੇ ਨਾ ਹੀ ਉਹਨਾਂ ਦਾ ਭਰੋਸਾ ਬਝਦਾ ਸੀ ਕਿ ਸਚਮੁਚ ਨਾਮ ਵਿਚ ਸਰਬ ਰੋਗਾਂ ਦੇ ਦਾਰੂ ਕਰਨ ਦੀ ਕਲਾ ਹੈ। ਇਹ ਤਾਂ ਉਹ ਮੰਨਦੇ ਸਨ ਕਿ ਨਾਮ ਦਵਾਰਾ ਮਾਨਸਿਕ ਰੋਗਾਂ ਦੀ ਨਵਿਰਤੀ ਹੋ ਸਕਦੀ ਹੈ, ਪਰ ਸਰੀਰਕ ਰੋਗਾਂ ਦੀ ਔਖਧੀ ਉਹ ਨਾਮ ਨੂੰ ਨਾ ਹੀ ਸਮਝਦੇ ਤੇ ਨਾ ਹੀ ਮੰਨਦੇ ਸਨ।

ਕੁਦਰਤ ਐਸੀ ਬਣੀ ਕਿ ਉਹ ਇਕ ਵਾਰ ਬੀਮਾਰ ਹੋ ਗਏ। ਬੀਮਾਰ ਭੀ ਐਸੇ ਸਖ਼ਤ ਹੋਏ ਕਿ ਲੁਧਿਆਣੇ ਹਸਪਤਾਲ ਵਿਚ ਉਹਨਾਂ ਨੂੰ ਲਿਜਾਣਾ ਪਿਆ। ਦਾਸ ਉਹਨਾਂ ਦੀ ਸੇਵਾ ਖ਼ਾਤਰ ਨਾਲ ਗਿਆ। ਇਕ ਦੋ ਹੋਰ ਸੇਵਾਦਾਰ ਨੌਕਰ ਭੀ ਸਾਥ ਲੈ ਲਏ। ਤੇ ਇਕ ਦੋ ਸੰਬੰਧੀ ਪਿੰਡ ਵਿਚੋਂ, ਜੋ ਉਹਨਾਂ ਦੇ ਬੜੇ ਹਿਤੂ ਸਨ, ਉਹ ਭੀ ਸੰਗ ਹੋ ਗਏ। ਹਸਪਤਾਲ ਜਾ ਕੇ ਇਕ ਸਪੈਸ਼ਲ ਕਮਰਾ ਲਿਆ ਗਿਆ ਤੇ ਦਾਰੂ ਬੂਟੀ ਦਵਾਰਾ ਇਲਾਜ ਅਰੰਭ ਹੋਇਆ। ਮੇਰੀ ਮਨਸ਼ਾ ਉਹਨਾਂ ਨੂੰ ਇਥੇ ਲਿਆ ਕੇ ਇਲਾਜ ਕਰਾਉਣ ਦੀ ਨਹੀਂ ਸੀ, ਪ੍ਰੰਤੂ ਪਿਤਾ ਹੋਰਾਂ ਦੀ ਅਤੇ ਸਰਬ ਸੰਬੰਧੀਆਂ ਦੀ ਪ੍ਰਬਲ ਰਾਇ ਦੇ ਸਾਹਮਣੇ ਮੇਰੀ ਮਨਸ਼ਾ ਦੀ ਕੀ ਹੈਸੀਅਤ ਸੀ। ਸੇਵਾ ਦਾ ਅਵਸਰ ਹੱਥ ਲਗਾ ਦੇਖ ਕੇ ਮੈਂ ਭੀ ਨਾਲ ਹੀ ਤੁਰ ਪਿਆ। ਤੇ ਪਿਤਾ ਹੋਰੀ ਭੀ ਮੈਨੂੰ ਨਾਲ ਲੈ ਜਾਣ ਵਿਚ ਬਹੁਤ ਖਿੱਚ ਕਰਦੇ ਸਨ। ਇਲਾਜ ਅਰੰਭ ਹੋਏ ਨੂੰ ਹਫ਼ਤਾ ਬੀਤ ਗਿਆ। ਪਰ ਕੁਛ ਭੀ ਆਰਾਮ ਤੇ ਫ਼ਾਇਦਾ ਮਰਜ਼ (ਰੋਗ) ਨੂੰ ਨਾ ਹੋਇਆ। ਤੇ ਉਹਨਾਂ ਹੀ ਦਿਨਾਂ ਵਿਚ ਸ਼ਹਿਰ ਵਿਚ ਮਲੇਰੀਏ ਤਾਪ ਦੀ ਬੀਮਾਰੀ ਬਹੁਤ ਜ਼ੋਰਾਂ ਤੇ ਫ਼ੈਲੀ ਹੋਈ ਸੀ। ਚਾਹੇ ਹਸਪਤਾਲ ਸ਼ਹਿਰ ਤੋਂ ਬਹੁਤ ਦੂਰ ਸੀ, ਪਰ ਔਸ਼ਧੀ ਤੇ ਸਿਹਤ ਸਬੰਧੀ ਖ਼ਾਸ ਖ਼ੁਰਾਕ (Diet) ਦੇ ਪ੍ਰਬੰਧ ਖ਼ਾਤਰ ਦਿਨ ਵਿਚ ਕਈ ਕਈ ਵਾਰ ਸ਼ਹਿਰ ਜਾਣਾ ਪੈਂਦਾ ਸੀ। ਹਫ਼ਤੇ ਦੇ ਅੰਦਰ ਅੰਦਰ ਸਾਰੇ ਆਦਮੀ ਬੁਖ਼ਾਰ ਨਾਲ ਬੀਮਾਰ ਹੋ ਕੇ ਘਰ ਨੂੰ ਚਲੇ ਗਏ। ਇਕ ਦਾਸ ਹੀ ਇਕੱਲਾ ਪਿਤਾ ਹੋਰਾਂ ਦੇ ਪਾਸ ਰਹਿ ਗਿਆ। ਪਿੰਡੋਂ ਹੋਰ ਆਦਮੀ ਸੇਵਾ ਵਾਸਤੇ ਭੇਜੇ ਗਏ। ਪਰ ਜੋ ਆਵੇ ਸੋ ਬੀਮਾਰ ਹੋ ਜਾਵੇ। ਜਲੰਧਰੋਂ ਸਾਡੇ ਰਿਸ਼ਤੇਦਾਰ ਸਰਦਾਰ ਉਤਮ ਸਿੰਘ ਜੀ ਪਲੀਡਰ ਕੋਲੋਂ ਆਪਣਾ ਪੁਰਾਣਾ ਨੌਕਰ ਖੜਕੂ ਮੰਗਵਾਇਆ। ਉਹ ਭੀ ਆਉਂਦੇ ਸਾਰ ਹੀ ਬੁਖ਼ਾਰ ਨਾਲ ਚਿਤ ਹੋ ਗਿਆ। ਸਭ ਨੂੰ ਬੀਮਾਰ ਹੋ ਕੇ ਪਿਛਾਂਹ ਮੁੜਨਾ ਪਿਆ। ਦਾਸ ਹੀ ਦਾਸ ਫਿਰ ਇਕੱਲਾ ਰਹਿ ਗਿਆ। ਉਧਰ ਪਿਤਾ ਹੋਰਾਂ ਦੀ ਹਾਲਤ ਬਹੁਤ ਖ਼ਤਰਨਾਕ ਹੋ ਗਈ। ਮੈਨੂੰ ਬੜੀ ਮੁਸ਼ਕਲ ਤਾਂ ਇਹ ਪੇਸ਼ ਆਈ ਕਿ ਮੈਂ ਪਿਤਾ ਹੋਰਾਂ ਪਾਸ ਰਹਾਂ ਜਾਂ ਸ਼ਹਿਰ ਜਾ ਕੇ ਸੌਦਾ ਪੱਤਾ ਲਿਆਵਾਂ। ਇਸ ਤੋਂ ਬਿਨਾਂ ਮੈਨੂੰ ਕਈ ਕਈ ਵਾਰ ਦਿਨ ਵਿਚ ਡਾਕਟਰ ਫ਼ਤਹ ਚੰਦ ਸਿਵਲ ਸਰਜਨ ਦੀ ਕੋਠੀ (ਜੋ ਸ਼ਹਿਰ ਵਿਚ ਸੀ) ਜਾਣਾ ਪੈਂਦਾ, ਕਿਉਂਕਿ ਉਹ ਹਸਪਤਾਲ ਤਾਂ ਕਦੇ ਇਕ ਅੱਧੀ ਵਾਰ ਦਿਨ ਵਿਚ ਆਉਂਦਾ ਹੁੰਦਾ ਸੀ ਅਤੇ ਪਿਤਾ ਹੋਰਾਂ ਨੂੰ ਆਪਣੇ ਜ਼ੇਰ-ਇਲਾਜ ਰੱਖਿਆ ਹੋਇਆ ਸੀ। ਭਾਵੇਂ ਅਸਿਸਟੈਂਟ ਸਰਜਨ, ਇਨਚਾਰਜ ਹਾਸਪੀਟਲ, ਆਫਿਸਰ, ਤੇ ਦੂਜੇ ਹਾਸਪੀਟਲ ਅਸਿਸਟੈਂਟ ਭੀ ਹਰ ਵਕਤ ਦਾਰੂ-ਬੂਟੀ ਤੇ ਇਲਾਜ ਦੀ ਨਿਗਰਾਨੀ ਰਖਦੇ ਸਨ, ਪਰ ਸਿਵਲ ਸਰਜਨ ਨੇ ਮੈਨੂੰ ਆਖ ਛਡਿਆ ਸੀ ਕਿ ਤਿੰਨ ਤਿੰਨ ਘੰਟੇ ਪਸਚਾਤ ਖ਼ਬਰ ਪੁਚਾਉਂਦੇ ਰਹੋ। ਸੋ ਮੈਨੂੰ ਇਕੱਲੇ ਨੂੰ ਹੀ ਸਭ ਕੰਮ ਕਰਨੇ ਪੈਂਦੇ। ਭਾਦੋਂ ਦੀ ਕੜਕਦੀ ਧੁਪ ਤੇ ਹੁੰਮਸ ਵਿਚ ਤਿੱਖੜ ਦੁਪਹਿਰੇ ਹੀ ਫੇਰੇ ਪਾਉਣੇ ਪੈਂਦੇ।

ਓੜਕ ਮੈਨੂੰ ਬੁਖ਼ਾਰ ਹੋਰਾਂ ਨੇ ਆ ਮੂੰਹ ਦਿਖਾਇਆ। ਪਰ ਤਿੰਨ ਚਾਰ ਦਿਨ ਤਾਂ ਮੈਂ ਕੁਝ ਨਾ ਜਾਣਿਆ। ਬੁਖ਼ਾਰ ਦੇ ਵਿਚ ਹੀ ਫਿਰਦਾ ਤੁਰਦਾ ਤੇ ਬਦਸਤੂਰ ਸੇਵਾ ਕਰਦਾ ਰਿਹਾ। ਪੰਜਵੇਂ ਦਿਨ ਕਾਂਬੇ ਦਾ ਅਜਿਹਾ ਤਾਪ ਆ ਕੇ ਟਹਿਲਾ ਕਰਨ ਲਗਾ ਕਿ ਅਟੁੱਟ ਟਹਿਲੇ ਦੁਆਰਾ ਕਲਾ ਹਰ ਲਈ ਤੇ ਮੈਨੂੰ ਬਿਸਤਰੇ ਉਪਰ

ਡੇਗ ਲਿਆ। ਅਸਿਸਟੈਂਟ ਸਰਜਨ ਆਇਆ। ਮੈਨੂੰ ਦੇਖ ਕੇ ਬੋਲਿਆ ਕਿ ਦਵਾਈ ਖਾਉ। ਮੈਂ ਆਖਿਆ, ਮੈਂ ਨਹੀਂ ਖਾਣੀ। ਗੱਲ ਕੀ, ਬਹੁਤ ਸਾਰਾ ਸੰਬਾਦ ਉਸ ਦੇ ਨਾਲ ਹੋਇਆ। ਉਸ ਨੇ ਬਥੇਰਾ ਆਖਿਆ ਤੇ ਸਮਝਾਇਆ ਕਿ, 'ਦੇਖ ਤੇਰਾ ਪਿਤਾ ਐਸ ਵੇਲੇ ਮੌਤ ਦੇ ਮੂੰਹ ਪਿਆ ਹੈ, ਸਿਵਲ ਸਰਜਨ ਤੇ ਹੋਰ ਸਾਰੇ ਸ਼ਹਿਰ ਦੇ ਡਾਕਟਰ ਮਿਲ ਕੇ ਰਾਇ ਪਾਸ ਕਰ ਚੁੱਕੇ ਹਨ ਕਿ ੨੪ ਘੰਟਿਆਂ ਦੇ ਅੰਦਰ ਅੰਦਰ ਤੇਰੇ ਪਿਤਾ ਹੋਰੀਂ ਪਾਰ ਬੋਲਣਗੇ। ਬਚਣ ਦਾ ਕੋਈ ਢੰਗ ਨਹੀਂ। ਕੋਈ ਦਵਾਈ-ਇਲਾਜ ਕਾਰਗਰ ਨਹੀਂ ਹੋ ਸਕਦਾ। ਇਸ ਸਮੇਂ ਜੇ ਤੂੰ ਸੇਵਾ ਨਾ ਕਰੇਂ ਤਾਂ ਤੂੰ ਬੜਾ ਅਕ੍ਰਿਤਘਣ ਹੈਂ। ਤੇਰੇ ਬਿਨਾਂ ਹੋਰ ਕੋਈ ਐਥੇ ਨਹੀਂ। ਸਭ ਆਦਮੀ ਤੇਰੇ ਨਾਲ ਦੇ ਬੀਮਾਰ ਹੋ ਕੇ ਚਲੇ ਗਏ ਹਨ। ਹੁਣ ਤੂੰ ਭੀ ਰਹਿੰਦਾ ਖੂੰਹਦਾ ਡਿਗ ਪਿਆ ਹੈਂ। ਜੇ ਦਵਾਈ ਖਾ ਲਵੇਂਗਾ ਤਾਂ ਰਾਜ਼ੀ ਹੋ ਕੇ ਆਪਣੇ ਪਿਤਾ ਦੀ ਜਾਂਦੀ ਵਾਰ ਦੀ ਸੇਵਾ ਤਾਂ ਕਰ ਲਵੇਂਗਾ। ਤੇਰਾ ਅਰਮਾਨ ਤਾਂ ਬਾਕੀ ਨਾ ਰਹਿ ਜਾਊ, ਜਿਸ ਖ਼ਾਤਰ ਤੂੰ ਨਾਲ ਆਇਆ ਹੈਂ। ਅਤੇ ਹੁਣ ਤੀਕ ਜੋ ਇਤਨੀ ਸੇਵਾ ਘਾਲੀ ਹੈ ਜੇ ਅੰਤੀ ਅਉਸਰ ਦੀ ਸੇਵਾ ਨਾ ਕੀਤੀ ਤਾਂ ਸਭ ਨਿਸਫਲ ਹੀ ਜਾਵੇਗੀ। ਉਠ ਦਵਾਈ ਪੀ ਲੈ।'

ਦਾਸ ਨੇ ਕਹਿ ਸੁਣਾਇਆ ਕਿ ਤੁਹਾਡੀ ਜਿਸ ਦਵਾਈ ਨੇ ਹੁਣ ਤਾਈਂ ਮੇਰੇ ਪਿਤਾ ਜੀ ਨੂੰ ਰਾਜ਼ੀ ਨਹੀਂ ਕੀਤਾ ਤੇ ਤੁਹਾਨੂੰ ਹਫ਼ਤਿਆਂ ਦੇ ਹਫ਼ਤੇ ਦਵਾਈ ਦਿੰਦਿਆਂ ਤੇ ਇਲਾਜ ਕਰਦਿਆਂ ਨੂੰ ਗੁਜ਼ਰ ਗਏ, ਪਰ ਕੱਖ ਅਸਰ ਤੇ ਫ਼ਾਇਦਾ ਨਾ ਹੋਇਆ, ਅਤੇ ਜਿਸ ਤੁਹਾਡੀ ਦਵਾਈ ਨੇ ਮੇਰੇ ਨਾਲ ਦੇ ਆਦਮੀਆਂ ਦਾ ਮਲੇਰੀਆ-ਤਾਪ ਹਰਨ ਦੀ ਤਾਸੀਰ ਭੀ ਨਾ ਰੱਖੀ ਤਾਂ ਹੀ ਉਹਨਾਂ ਨੂੰ ਐਥੋਂ ਮੁੜ ਕੇ ਘਰੋ ਘਰੀ ਜਾਣਾ ਪਿਆ, ਤੁਹਾਡੀ ਉਸ ਦਵਾਈ ਨੇ ਮੇਰੇ ਉਪਰ ਹੁਣ ਕੀ ਖ਼ਾਕ ਅਸਰ ਕਰਨਾ ਹੈ। ਮੇਰੀ ਦਵਾਈ ਮੇਰੇ ਪਾਸ ਹੈ। ਜਾਓ, ਮੈਨੂੰ ਔਖਾ ਨਾ ਕਰੋ। ਮੈਂ ਤੁਹਾਡੀ ਦਵਾਈ ਦਵੂਈ ਕੋਈ ਨਹੀਂ ਲੈਣੀ।

ਮੇਰੇ ਇਤਨੇ ਕੋਰੇ ਕਰਾਰੇ ਉਤਰ ਪਰ ਉਹ ਬੜਾ ਤਾਮ-ਤੜੂਕ ਹੋਇਆ ਤੇ ਇਕ ਦੋ ਪੁੜੀਆਂ ਕਿਸੇ ਦਵਾਈ ਦੀਆਂ ਮੰਜੇ ਕੋਲ ਡਠੇ ਹੋਏ ਮੇਜ਼ ਪਰ ਰਖ ਕੇ ਤੇ ਇਸ ਬਿਧ ਤਾੜਨਾ ਪੂਰਬਕ ਧਮਕੀ ਦੇ ਕੇ ਚਲਿਆ ਗਿਆ ਕਿ ਦੇਖੋ, ਇਹ ਦੋ ਪੁੜੀਆਂ ਮੈਂ ਦਵਾਈ ਦੀਆਂ ਮੇਜ਼ ਪਰ ਰੱਖ ਚਲਿਆ ਹਾਂ। ਇਕ ਘੰਟੇ ਪਸਚਾਤ ਮੈਂ ਫਿਰ ਆਵਾਂਗਾ। ਜੇ ਤੈਂ ਮੇਰੇ ਪਿਛੋਂ ਇਹ ਪੁੜੀਆਂ ਖਾ ਲਈਆਂ ਤਦ ਤਾਂ ਭਲਾ, ਨਹੀਂ ਤਾਂ ਤੈਨੂੰ ਸਣੇ ਤੇਰੇ ਮਰਨਹਾਰੇ ਬਾਪ ਦੇ ਹਸਪਤਾਲੋਂ ਧੱਕੇ ਮਾਰ ਕੇ ਤੇ ਘੜੀਸ ਕੇ ਬਾਹਰ ਕੱਢ ਦਿਤਾ ਜਾਵੇਗਾ।

ਮੇਰੇ ਹਿਰਦੇ ਉਪਰ ਉਸ ਦੀ ਧਮਕੀ ਦਾ ਰਾਈ ਮਾਤਰ ਭੀ ਅਸਰ ਨਾ ਹੋਇਆ। ਇਕ ਵਾਰ ਬਲ ਧਾਰ ਕੇ ਪਿਤਾ ਹੋਰਾਂ ਦੇ ਪਾਸ ਗਿਆ, ਜੋ ਮੇਰੇ ਮੰਜੇ ਤੋਂ ਕਮਰੇ ਦੇ ਦੂਜੇ ਪਾਸੇ ਦੇ ਖੂੰਜੇ ਕੋਈ ਦਸ ਪੰਦਰ੍ਹਾਂ ਗਜ਼ ਦੇ ਫ਼ਾਸਲੇ ਤੇ ਪਲੰਘ ਪਰ ਬਿਰਾਜੇ ਬੇਹੋਸ਼ ਪਏ ਸਨ। ਮੈਂ ਜਾ ਕੇ ਕੀ ਦੇਖਿਆ ਕਿ ਨਬਜ਼ ਤਾਂ ਉਹਨਾਂ ਦੀ ਟੁਟ ਚਲੀ ਹੈ, ਲੱਤਾਂ ਬਾਹਾਂ ਠੰਢੀਆਂ ਪੈ ਰਹੀਆਂ ਹਨ, ਨੱਕ ਦੀ ਕੁਮਲੀ ਮੁੜ ਚੁੱਕੀ ਹੈ ਤੇ ਘੋਰੜੂ ਤਾਂ ਇਕ ਦੋ ਦਿਨ ਪਹਿਲਾਂ ਤੋਂ ਹੀ ਬਜ ਰਿਹਾ ਸੀ। ਅੱਖਾਂ ਤੋਂ ਦਿਸਣਾ ਤੇ ਕੰਨਾਂ ਤੋਂ ਸੁਣਨਾ ਭੀ ਪਹਿਲੇ ਦੋ ਦਿਨਾਂ ਤੋਂ ਬੰਦ ਹੋ ਚੁਕਾ ਸੀ, ਕਿਉਂਕਿ ਤਿੰਨ ਚਾਰ ਦਿਨਾਂ ਤੋਂ ਪਿਸ਼ਾਬ ਉੱਕਾ ਹੀ ਬੰਦ ਹੋ ਚੁਕਾ ਸੀ।

ਬਥੇਰੇ ਕੈਥੀਟਰ (ਪਿਸ਼ਾਬ ਵਾਲੇ ਸੂਏ) ਲਗਾਏ ਪਰ ਪੇਸ਼ਾਬ ਨਾ ਹੀ ਉਤਰਿਆ। ਕਲ੍ਹ ਆਥਣੇ ਸਿਵਲ ਸਰਜਨ ਤੇ ਹੋਰ ਡਾਕਟਰ ਸਭ ਹਾਲਤ ਦੇਖ ਕੇ ਮੇਰੇ ਸਾਹਮਣੇ ਕਹਿ ਗਏ ਸਨ ਕਿ ਸਾਰੇ ਪੇਸ਼ਾਬ ਦਾ ਜ਼ਹਿਰ ਬਣ ਗਿਆ ਹੈ ਤੇ ਜ਼ਹਿਰ ਹੁਣ ਸਾਰੇ ਸਰੀਰ ਦੇ ਰਗੋ ਰੇਸ਼ੇ ਵਿਚ ਪ੍ਰਵੇਸ਼ ਕਰ ਚੁਕਾ ਹੈ। ਹੁਣ ਬਚਣ ਦੀ ਕੋਈ ਉਮੈਦ ਨਹੀਂ। ਤੇ ਮੈਨੂੰ ਆਖ ਗਏ ਸਨ ਕਿ ਬਿਹਤਰ ਹੈ ਦਿਨ ਚੜ੍ਹਦੇ ਹੀ ਆਪਣੇ ਪਿੰਡ ਨੂੰ ਤਾਰ ਦੇ ਦਿਉਂ (ਪਰ ਮੈਂ ਨਾ ਤਾਰ ਦੇ ਸਕਿਆ ਨਾ ਸ਼ਹਿਰ ਵਿਚ ਕਿਸੇ ਨੂੰ ਖ਼ਬਰ ਦੇ ਸਕਿਆ, ਕਿਉਂਕਿ ਦਿਨ ਚੜ੍ਹਦੇ ਨੂੰ ਮੈਂ ਭੀ ਮੰਜੇ ਉਤੇ ਡਿੱਗ ਚੁੱਕਾ ਸੀ)। ਹੁਣ ਪਰਤੱਖ ਨਾਜ਼ਕ ਹਾਲਤ ਆਖ਼ਰੀ ਸਮੇਂ ਦੀ ਵੇਖ ਕੇ ਮੈਂ ਕੁਛ ਡਾਵਾਂ ਡੋਲ ਜਿਹਾ ਹੋਣ ਲਗਾ ਤਾਂ ਮੇਰੇ ਅੰਦਰੋਂ ਆਵਾਜ਼ ਆਈ,

**"ਸਰਬ ਰੋਗ ਕਾ ਅਉਖਦੁ ਨਾਮੁ ॥"**

ਮੈਨੂੰ ਢਾਰਸ ਬੱਝੀ। ਮੇਰੇ ਵਿਚ ਸਿਦਕ ਉਛਾਲਾ ਮਾਰ ਉਠਿਆ। ਸਭ ਪਾਸਿਓਂ ਨਿਰਾਸੇ ਹੋ ਚੁੱਕੇ ਦੀ ਟੇਕ ਇਸ ਆਵਾਜ਼ ਪਰ ਟਿਕੀ, ਜੋ ਆਵਾਜ਼ ਕਿ ਮੇਰਾ ਇੰਚੀਆ-ਅਸੂਲ ਬਣ ਚੁੱਕੀ ਸੀ। ਗੁਪਤ ਅਰਦਾਸਾ ਸੋਧ ਕੇ ਆਪਣੇ ਮੰਜੇ ਪੁਰ ਜਾ ਲੰਮੀਆਂ ਤਾਣੀਆਂ, ਉਦਾਲੇ ਕੰਬਲ ਵਲ੍ਹੇਟ ਲਿਆ ਤੇ ਪਏ ਪਏ ਹੀ ਸ੍ਰੀ ਜਪੁਜੀ ਸਾਹਿਬ ਜੀ ਦੀ ਮਹਾਂ ਮੰਤ੍ਰ ਰੂਪ ਬਾਣੀ ਦਾ ਪਾਠ ਅਰੰਭ ਦਿੱਤਾ (ਕਿਉਂਕਿ ਬਾਣੀ ਤੋਂ ਵਖਰੇ ਨਾਮ ਦੀ ਤਾਂ ਅਜੇ ਮੈਨੂੰ ਗਿਆਤ ਹੀ ਨਹੀਂ ਸੀ ਤੇ ਬਾਣੀ ਨੂੰ ਹੀ ਨਾਮ ਸਰੂਪ ਸਮਝਦਾ ਸੀ)। ਇਹ ਪਾਠ ਮੈਂ ਆਪਣੇ ਮਨ ਹੀ ਮਨ ਵਿਚ ਸੁਰਤੀ ਦੁਆਰਾ ਕਰਨ ਲਗ ਪਿਆ (ਕਿਉਂਕਿ ਮੈਨੂੰ ਸੁਰਤੀ ਦਵਾਰਾ ਜਪੁਜੀ ਸਾਹਿਬ ਦੇ ਅਖੰਡਪਾਠ ਕਰਨ ਦਾ ਅਭਿਆਸ ਬਹੁਤ ਹੋ ਚੁੱਕਾ ਸੀ)। ਪੰਜ ਪਾਠਾਂ ਦਾ ਭੋਗ ਇਸੇ ਇਕਾਗਰ-ਬ੍ਰਿਤੀ ਨਾਲ ਪਾਇਆ। ਫੇਰ ਬ੍ਰਿਤੀ 'ਮੰਨੇ ਕੀ ਪਉੜੀ' ਵਿਚ ਅਜਿਹੀ ਜੁੜੀ ਕਿ ਮੁੜ ਮੁੜ ਉਸੇ ਪਉੜੀ ਦਾ ਪਾਠ ਹੋਈ ਜਾਵੇ, ਅਗਾਂਹ ਤੁਰੇ ਹੀ ਨਾ। ਇਤਨੇ ਨੂੰ ਮੇਰੀ ਸੁਰਤੀ ਜੁ ਖੁਲ੍ਹੀ ਤਾਂ ਕੀ ਦੇਖਦਾ ਹਾਂ ਕਿ ਮੇਰਾ ਸਰੀਰ ਮੁੜ੍ਹਕੋ ਮੁੜ੍ਹਕਾ (ਪਸੀਨੋ ਪਸੀਨਾ) ਹੋਇਆ ਪਿਆ ਹੈ ਅਤੇ ਤਾਪ ਤ੍ਰਪ ਕਿਤੇ ਨਹੀਂ। ਭੱਠ ਵਾਂਗੂ ਤਪ ਰਹੇ ਤਨ ਬਦਨ ਅੰਦਰ ਠੰਢ ਵਰਤ ਰਹੀ ਹੈ ਤੇ ਮੈਂ ਹੌਲਾ ਫੁੱਲ ਵਰਗਾ ਨਵਾਂ ਨਰੋਆ ਹੋ ਗਿਆ ਹਾਂ। ਝਟ ਪਸੀਨਾ ਪੂੰਝ ਕੇ ਸਾਵਧਾਨ ਹੋ ਖੜ੍ਹੋਤਾ ਤੇ ਪਿਤਾ ਹੋਰਾਂ ਵਲ ਔਲਿਆ ਕਿ ਦੇਖਾਂ ਉਹਨਾਂ ਦਾ ਕੀ ਹਾਲ ਹੈ। ਮੇਰੇ ਖ਼ਿਆਲ ਅੰਦਰ ਇਹ ਸੀ ਕਿ ਬੀਤ ਚੁਕੇ ਹੋਣਗੇ, ਪਰ ਜਦੋਂ ਮੈਂ ਨੇੜੇ ਗਿਆ ਤਾਂ ਕੀ ਦੇਖਦਾ ਹਾਂ ਕਿ ਉਹਨਾਂ ਦੀ ਪੈਂਦ ਵਲ ਪਿਆ ਪੇਸ਼ਾਬ ਵਾਲਾ ਭਾਂਡਾ ਪੇਸ਼ਾਬ ਨਾਲ ਭਰਿਆ ਪਿਆ ਹੈ। ਜਦ ਨਬਜ਼ ਦੇਖੀ ਤਾਂ ਠੀਕ ਚਲ ਰਹੀ ਹੈ ਤੇ ਸੁਆਸ ਭੀ ਸਾਫ਼ ਆ ਰਿਹਾ ਹੈ। ਸਰੀਰ ਸਾਰਾ ਉਹਨਾਂ ਦਾ ਭੀ ਮੁੜ੍ਹਕੋ ਮੁੜ੍ਹਕੀ ਹੋ ਰਿਹਾ ਹੈ (ਚਾਹੇ ਉਹਨਾਂ ਪਰ ਚਾਦਰ ਭੀ ਨਹੀਂ ਓੜ੍ਹੀ ਹੋਈ ਸੀ)।

ਮੇਰੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਫੇਰ ਮੈਂ ਉਹਨਾਂ ਨੂੰ ਬੁਲਾਇਆ ਤਾਂ ਉਹ ਉਸੇ ਵਕਤ ਮੇਰੇ ਵਲ ਅੱਖਾਂ ਉਘੇੜ ਕੇ ਬੋਲੇ (ਐਉਂ ਮਲੂਮ ਹੋਇਆ ਜਿਵੇਂ ਡੂੰਘੀ ਸਮਾਧੀ ਵਿਚੋਂ ਨਿਕਲੇ ਹਨ, ਭਾਈ ਸਾਹਿਬ ਦੇ ਪਿਤਾ ਅਕਸਰ ਉਰਦੂ ਬੋਲਿਆ ਕਰਦੇ ਸਨ)' ਕਿ "ਬੇਟਾ! ਕੋਈ ਸ਼ਖ਼ਸ ਮੇਰੇ ਕਾਨੋਂ ਮੇਂ ਕਿਤਨੀ ਦੇਰ ਸੇ 'ਮੰਨੇ ਕੀ ਪਉੜੀ' ਪੜ੍ਹ ਰਿਹਾ ਹੈ ਔਰ ਮੁਝ ਕੋ ਬਹੁਤ ਸਰੂਰ ਅਨੰਦ ਆ ਰਹਾ ਹੈ।" ਇਤਨੀ ਗੱਲ ਕਹਿ ਫੇਰ ਮਸ਼ਟ ਹੋ ਗਏ। ਇਹ ਗੱਲ ਸੁਣ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਮੈਂ ਖੜਾ ਖੜਾ ਹੀ ਆ-ਮੁਹਾਰਾ ਅਕਾਲ ਪੁਰਖ ਦੇ ਸ਼ੁਕਰ ਧੰਨਵਾਦ ਵਿਚ ਜੁਟ ਪਿਆ। ਮੇਰੇ ਲੂੰ ਲੂੰ ਵਿਚੋਂ ਸ਼ੁਕਰ ਦੀ ਧੁੰਨ ਉਠੇ।

ਏਸੇ ਦਸ਼ਾ ਵਿਚ ਮੈਂ ਆਪਣੇ ਪਿਤਾ ਜੀ ਦੇ ਸਿਰਹਾਣੇ ਖੜੋਤਾ ਸੀ ਕਿ ਬਾਹਰੋਂ ਅਸਿਸਟੈਂਟ ਸਰਜਨ ਆ ਗਿਆ ਤੇ ਆਉਂਦਾ ਹੀ ਮੈਨੂੰ ਨਵਾਂ ਨਰੋਆ ਦੇਖ ਕੇ ਆਖਣ ਲਗਾ, "ਸ਼ਾਬਾਸ਼! ਖ਼ੂਬ! ਦਵਾਈ ਕੋ ਖਾ ਲੀਆ ਨਾ, ਜੋ ਹਮ ਦੇ ਗਏ ਥੇ। ਤਬ ਹੀ ਤੋ ਅਬ ਤੰਦਰੁਸਤ ਹੋ ਗਏ ਹੋ ਨਾ।"

ਮੈਂ ਉਤਰ ਵਿਚ ਮੇਜ਼ ਵਲ ਇਸ਼ਾਰਾ ਕਰ ਕੇ ਆਖਿਆ, ਔਹ ਪਈਆਂ ਹਨ ਆਪ ਦੀਆਂ ਦਵਾਈਆਂ ਦੀਆਂ ਪੁੜੀਆਂ, ਚੁਕ ਲੌ!"

ਪੁੜੀਆਂ ਸਾਂਵੀਆਂ ਹੀ ਪਈਆਂ ਦੇਖ ਕੇ ਮੱਥੇ ਤੇ ਤਿਊੜੀ ਚੜ੍ਹਾ ਮੇਰੇ ਵਲ ਆਇਆ ਤੇ ਮੇਰੀ ਨਬਜ਼ ਨਾੜੀ ਆਦਿਕ ਦੇਖ ਕੇ ਹੈਰਾਨ

ਹੋ ਕੇ ਪੁਛਣ ਲਗਾ ਕਿ, "ਬੁਖ਼ਾਰ ਕੈਸੇ ਦੂਰ ਹੂਆ ?"

ਮੈਂ ਆਪਣੇ ਪਿਤਾ ਵਲ ਇਸ਼ਾਰਾ ਕਰ ਕੇ ਆਖਿਆ, "ਜ਼ਰਾ ਇਹਨਾਂ ਦੀ ਹਾਲਤ ਭੀ ਦੇਖੋ।" ਜਦ ਉਧਰ ਝਾਕਿਆ ਤੇ ਪਿਤਾ ਹੋਰਾਂ ਦੀ ਨਵੀਂ ਨਰੋਈ ਹਾਲਤ ਦੇਖੀ ਤਾਂ ਚਕ੍ਰਿਤ ਰਹਿ ਗਿਆ। ਦੰਦ ਜੁੜ ਗਏ। ਬੁੱਤ ਬਣ ਕੇ ਖੜੋ ਗਿਆ ਤੇ ਬੋਲਿਆ, "ਯਿਹ ਕਿਆ ਜਾਦੂ ਹੂਆ ?"

ਮੇਰੇ ਪਿਤਾ ਜੀ ਦੇ ਮੂੰਹੋਂ ਨਿਕਲਿਆ, "ਯਿਹ ਮੰਨੈ ਕੀ ਪਉੜੀ ਕਾ ਜਾਦੂ ਹੈ।" ਇਤਨੀ ਕਹਿ ਕੇ ਫੇਰ ਅੱਖਾਂ ਮੀਚ ਕੇ ਮਸ਼ਟ ਹੋ ਗਏ। ਡਾਕਟਰ ਫੇਰ ਉਹਨਾਂ ਨੂੰ ਬੁਲਾਣ ਤਾਂ ਆਖਣ "ਹਮ ਕੋ ਮੰਨੈ ਕੀ ਪਉੜੀ ਕੇ ਧਿਆਨ ਸੇ ਮਤ ਉਚਾਟ ਕਰੋ। ਹਮਾਰੇ ਕਾਨੋਂ ਮੇਂ ਮੰਨੈ ਕੀ ਪਉੜੀ ਕੀ ਗੂੰਜ ਆ ਰਹੀ ਹੈ।"

ਮੇਰੇ ਮੂੰਹੋਂ ਨਿਕਲਿਆ, "ਡਾਕਟਰ ਜੀ! 'ਸਰਬ ਰੋਗ ਕਾ ਅਉਖਦੁ ਨਾਮੁ'। ਬਸ ਇਹੋ ਜਾਦੂ ਹੈ, ਇਹੋ ਕ੍ਰਿਸ਼ਮਾ ਹੈ। ਤੁਸੀਂ ਸਾਰੇ ਮਿਲ ਕੇ ਜੋ ਫ਼ਤਵਾ ਦੇ ਚੁਕੇ ਸੀ, ਦੇਖੋ ਉਸ ਦੇ ਉਲਟ ਕਰਤਾਰ ਨੇ ਕੀ ਅਸਚਰਜ ਭਾਣਾ ਵਰਤਾਇਆ ਹੈ।"

ਡਾਕਟਰ ਛੇਤੀ ਛੇਤੀ ਬਾਹਰ ਨਿਕਲਿਆ ਤੇ ਬਾਈਸਿਕਲ ਪਰ ਚੜ੍ਹ ਕੇ ਸਿਵਲ ਸਰਜਨ ਦੇ ਪਾਸ ਗਿਆ। ਤੇ ਆਪਣੀ ਹਿਕਮਤ ਅਮਲੀ ਦੀਆਂ ਡੀਂਗਾਂ ਮਾਰ ਕੇ ਉਸ ਨੂੰ ਨਾਲ ਲਿਆਇਆ ਤੇ ਪਿਤਾ ਹੋਰਾਂ ਦਾ ਹਾਲ ਦਿਖਾਇਆ।

ਉਹ ਭੀ ਹੈਰਾਨ ਤੇ ਦੰਗ ਰਹਿ ਗਿਆ ਕਿ ਇਤਨੀ ਦੇਰ ਦਾ ਜ਼ਹਿਰ ਬਣਿਆ ਪੇਸ਼ਾਬ ਕਿਸ ਤਰ੍ਹਾਂ ਨਿਕਲਿਆ ਤੇ ਟੁਟੀਆਂ ਹੋਈਆਂ ਨਬਜ਼ਾਂ ਕਿਵੇਂ ਮੁੜੀਆਂ। ਅਤੇ ੧੦੬ ਦਰਜੇ ਤੋਂ ਟੱਪਿਆ ਹੋਇਆ ਬੁਖ਼ਾਰ ਕਿਵੇਂ ਉਤਰਿਆ। ਉਹ ਆਪਸ ਵਿਚੀਂ ਪਏ ਖਹਿਬੜਨ ਤੇ ਦਾਸ ਆਪਣੇ ਅਕਾਲ ਪੁਰਖ ਦੀ ਸ਼ੁਕਰ-ਗੁਜ਼ਾਰੀ ਵਿਚ ਮਸਤ, ਤੇ ਪਿਤਾ ਹੋਰੀਂ ਮੰਨੇ ਕੀ ਪਉੜੀ ਦੀ ਧੁੰਨੀ ਵਿਚ ਮਸਤ।

ਮੁਕਦੀ ਗੱਲ ਇਹ ਕਿ ਦੋ ਤਿੰਨ ਦਿਨਾਂ ਪਿਛੋਂ ਕਮਜ਼ੋਰੀ ਦੂਰ ਹੋਣ ਪਰ ਨੌਂ-ਬਰ-ਨੌਂ ਦਸ਼ਾ ਵਿਚ ਪਿਤਾ ਹੋਰਾਂ ਨੂੰ ਘਰ ਲਿਆਂਦਾ ਗਿਆ। ਉਸ ਦਿਨ ਤੋਂ ਮੇਰਾ ਦਸ ਗੁਣਾ ਵਧੇਰਾ ਭਰੋਸਾ ਬਾਣੀ ਦੀ ਬਰਕਤ ਤੇ ਨਾਮ ਕਲਾ ਵਾਲੇ ਪ੍ਰਤਾਪ ਪ੍ਰਥਾਇ ਹੋ ਗਿਆ। ਤੇ ਪਿਤਾ ਹੋਰਾਂ ਦੀ ਅਜਿਹੀ ਖ਼ਾਤਰ ਜਮਾ ਹੋਈ ਕਿ ਤਦ ਤੋਂ ਪਸਚਾਤ ਮੇਰੀ ਗੁਰਮਤਿ ਭਾਵਨੀ, ਖ਼ਿਆਲਾਂ ਦਾ ਸਿੱਕਾ ਉਹਨਾਂ ਦੇ ਦਿਲ ਅੰਦਰ ਬੈਠ ਗਿਆ।

ਉਸ ਦਿਨ ਤੋਂ ਮੈਨੂੰ ਕਦੇ ਗੁਰਮਤਿ ਸੰਬੰਧੀ ਖਿਆਲਾਂ ਦੇ ਤੀਬਰ ਵੇਗ ਵਲੋਂ ਨਹੀਂ ਹੋੜਿਆ ਹਟਕਿਆ। ਸੋ ਜਦ ਮੈਂ ਵਿਡਾਨੀ ਚਾਕਰੀ ਦੇ ਭਾਰ ਵਲੋਂ ਹੌਲਾ ਹੋ ਗਿਆ ਤਾਂ ਅੰਮ੍ਰਿਤ ਛੱਕਣ ਦੇ ਸ਼ੁਭ ਅਵਸਰ ਦੀਆਂ ਤਿਆਰੀਆਂ ਹੋਣ ਲਗ ਪਈਆਂ। ਇਸ ਭਾਗੇ ਭਰੇ ਸਮਾਗਮ ਜੁੜਨ ਤੋਂ ਪਹਿਲਾਂ ਇਕ ਵਾਰ ਇਕ ਬੜੀ ਸੁੰਦਰ ਘਟਨਾ ਵਰਤ ਚੁੱਕੀ ਸੀ, ਜਿਸ ਦਾ ਜ਼ਿਕਰ ਕਰਨਾ ਬਹੁਤ ਅਨੰਦ-ਦਾਇਕ ਭਾਸਦਾ ਹੈ।

**("ਜੇਲ੍ਹ ਚਿੱਠੀਆਂ" ਪੁਸਤਕ ਵਿਚੋਂ ਧੰਨਵਾਦ ਸਹਿਤ)**

## ਕਵਿਤਾ

# ਐ ਸਾਹਿਬ-ਏ-ਕਮਾਲ ਕੀ ਲਿਖਾਂ ਮੈਂ ਸਿਫ਼ਤ ਤੇਰੀ

ਐ ਸਾਹਿਬ-ਏ-ਕਮਾਲ ਕੀ ਲਿਖਾਂ ਮੈਂ ਸਿਫ਼ਤ ਤੇਰੀ।।

ਤੇਰੀ ਸਿਫ਼ਤ ਲਿਖਣ ਦੀ ਨਹੀਂ ਹੈ ਔਕਾਤ ਮੇਰੀ।।

ਜ਼ਿਹਨ ਮੇਰੇ ਵਿਚ ਤੇਰੇ ਲਈ ਬਹੁਤ ਪਿਆਰ ਹੈ।।

ਤੇਰੀ ਹੋਂਦ ਬਾਝੋਂ ਲਗਦਾ ਜਿਊਣਾ ਦੁਸ਼ਵਾਰ ਹੈ।।

ਹੁੰਦਾ ਤੇਰੇ 'ਤੇ ਬੜਾ ਮਾਣ ਹੈ ਮਹਿਸੂਸ ਸਾਨੂੰ।।

ਦੇ ਕੇ ਉੱਚਾ ਰੁਤਬਾ ਕੀਤਾ ਜੱਗ ਵਿਚ ਮਹਿਫ਼ੂਜ਼ ਸਾਨੂੰ।।

ਪੈਰ ਦੀ ਜੁੱਤੀ ਤੋਂ ਮਾਈ ਭਾਗੋ ਦੀ ਵਾਰਿਸ ਬਣਾਇਆ।।

ਸੀਸ ਸਾਡੇ 'ਤੇ ਤੂੰ ਸੋਹਣਾ ਇਲਾਹੀ ਤਾਜ ਸਜਾਇਆ।।

ਪੜ੍ਹ ਚੰਡੀ ਦੀ ਵਾਰ ਆਉਂਦਾ ਸਰੂਰ ਹੀ ਵੱਖਰਾ ਏ।।

ਤੇਰੀ ਇਸ ਬਾਣੀ ਦਾ ਚੜ੍ਹਦਾ ਗਰੂਰ ਹੀ ਵੱਖਰਾ ਏ।।

ਤੇਰੇ ਚਰਨਾਂ ਕਵਲਾਂ ਦੀ ਮੌਜ ਹੀ ਬਹੁਤ ਵੱਖਰੀ ਏ।।

ਜ਼ਫ਼ਰਨਾਮੇ ਨੇ ਔਰੰਗੇ ਨੂੰ ਛੇੜੀ ਕੰਬਣੀ ਹੀ ਵੱਖਰੀ ਏ।।

ਬਚਿਤ੍ਰ ਨਾਟਕ ਹੈ ਸਾਈਆਂ ਬਚਿਤ੍ਰ ਖੇਡ ਤੇਰੀ।।

ਭੰਗਾਣੀ ਦੇ ਯੁੱਧ ਦੀ ਬਚਿਤ੍ਰ ਹੈ ਸਾਈਆਂ ਪਰੇਡ ਤੇਰੀ।।

ਸ਼ਸਤਰ ਨਾਮ ਮਾਲਾ ਵਿਚ ਤੁਸੀਂ ਸ਼ਸਤਰ ਪਰੋ ਦਿੱਤੇ।।

ਇਸ ਬਾਣੀ ਵਿਚ ਲਾਸਾਨੀ ਇਤਿਹਾਸ ਸਮੋ ਦਿੱਤੇ।।

ਬੇਅੰਤ ਭਾਸ਼ਾਵਾਂ ਅਤੇ ਰੰਗਾਂ ਦਾ ਕੋਹਿਨੂਰ ਹੈਂ ਤੂੰ।।

ਖ਼ੁਦ ਖ਼ੁਦਾ ਹਾਜ਼ਰ ਹਜ਼ੂਰ ਹੈਂ ਤੂੰ ਹਾਜ਼ਰ ਹਜ਼ੂਰ ਹੈਂ ਤੂੰ।।

**ਡਾਕਟਰ ਰੀਤ ਕੌਰ**
**ਸ੍ਰੀ ਮੁਕਤਸਰ ਸਾਹਿਬ।**

# ਪ੍ਰੀਤ



ਪ੍ਰੋ. ਪੂਰਨ ਸਿੰਘ ਜੀ

ਪ੍ਰੀਤ ਇਕ ਰਾਗ ਹੈ, ਪ੍ਰੀਤ ਦੀ ਧਾਰਾ (ਰੌ) ਧੁਰੋਂ ਗਾਉਂਦੀ ਹੈ। ਗਾਉਂਦੀ ਗਾਉਂਦੀ ਮਨੁੱਖ ਵਿਚ ਵੜ ਜਾਂਦੀ ਹੈ ਤੇ ਮਨੁੱਖੀ ਜੀਵਨ ਵਿਚ ਰੋਮ ਰੋਮ ਵਿੱਚੋਂ ਰਸ ਰੂਪ ਹੋ ਨਿਕਲਦੀ ਹੈ; ਸਤਿਗੁਰਾਂ ਦਾ ਧੰਨਵਾਦ ਰੂਪ, ਖ਼ੁਸ਼ੀ ਰੂਪ, ਅਨੰਤ ਮਹਿਮਾ ਰੂਪ ਹੋ ਨਿਕਲਦੀ ਹੈ। ਇਹ ਇਕ ਧਾਰਾ ਰੂਪ ਸਤਿਗੁਰਾਂ ਦੀ ਮਿਹਰ ਦਾ ਦਰਿਆ ਜਿਹੜਾ ਗੁਰਮੁਖਾਂ ਦੇ ਜੀਵਨ ਨੂੰ ਉਨ੍ਹਾਂ ਦੇ ਸੋਮੇ ਨਾਲ ਜੋੜਦਾ ਹੈ, ਪ੍ਰੀਤ ਹੈ। ਪ੍ਰੀਤ ਜੇ ਕਿਸੇ ਮਨੁੱਖ ਵਿਚ ਹੋਵੇ ਤਾਂ ਉਹ ਰੱਬੀ ਦਾਤ ਹੈ; ਧੁਰੋਂ ਆਉਂਦੀ ਹੈ। ਪ੍ਰੀਤ ਕਰਨ ਵਾਲਾ ਵਾਹਿਗੁਰੂ ਹੈ, ਤੇ ਜੋ ਕੁਝ ਉਹ ਕਰ ਰਿਹਾ ਹੈ, ਉਹ ਪ੍ਰੀਤ ਹੈ। ਵਾਹਿਗੁਰੂ ਮਾਰੇ ਤਾਂ ਉਹ ਪ੍ਰੀਤ ਹੈ, ਮਾਰ ਜੀਵਾਲੇ ਤਾਂ ਪ੍ਰੀਤ ਹੈ, ਦੁਖ ਦੇਵੇ ਤਾਂ ਪ੍ਰੀਤ ਲੱਗੀ ਹੋਵੇ, ਹੋਵੇ ਸਹੀ, ਵਾਹਿਗੁਰੂ ਦੀ ਰੌ ਸਾਡੇ ਅੰਦਰ ਆਉਂਦੀ ਹੋਵੇ ਸਹੀ, ਬਸ ਸਭ ਰੰਗ ਪ੍ਰੀਤ ਦੇ ਹਨ।

**ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ ॥**
**ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ ॥**
**(ਚਉਬੋਲੇ ਮ.੫, ਪੰਨਾ : ੧੩੬੩)**
**ਪ੍ਰੀਤ ਰੱਬ ਦੇ ਦੇਸ਼ ਦੀ ਅਟੱਲ ਬਸੰਤ ਹੈ।**
**ਪ੍ਰੀਤ 'ਜੀਉ- ਗੁਲਾਬ' ਦੀ ਸੂਖਮ ਸੁਗੰਧ ਹੈ।**
**ਪ੍ਰਭਾਤ ਤੋਂ ਸ਼ਾਮਾਂ ਦੇ ਨਾਨਾ ਰੰਗਾਂ ਵਾਲੀ ਪ੍ਰੀਤ ਦਾ ਸਦਾ ਸਵੇਰਾ ਹੈ।**
**ਪ੍ਰੀਤ ਸਦਾ ਇਕ ਰਸ ਅਡੋਲ ਨਿਰੋਲਤਾ ਹੈ।**
**ਪ੍ਰੀਤ ਸਦਾ ਦਾ ਗਿਰਾਉ ਰਹਤ ਚੜ੍ਹਾਉ ਹੈ।**
**ਪ੍ਰੀਤ ਸਦਾ ਦੇ ਅਟੱਲ ਜੋਬਨ ਦੀ ਮਸਤੀ ਹੈ।**
**ਪ੍ਰੀਤ ਜੀਵਨ ਹੈ ਜਿਸ ਨੂੰ ਮੌਤ ਕਦੀ ਨਹੀਂ।**
**ਪ੍ਰੀਤ ਅਕਾਲ ਪੁਰਖ ਦੀ ਉੱਚੀ ਮਹਿਮਾ ਹੈ।**

ਹਾਂ ਜੀ, ਪ੍ਰੀਤ ਰੱਬ ਹੈ ਤੇ ਰੱਬ ਪ੍ਰੀਤ ਹੈ। ਪ੍ਰੀਤ ਦਾ ਆਰ-ਪਾਰ ਨਹੀਂ। ਪ੍ਰੀਤ ਜੇ ਦਿਸੇ, ਤਾਂ ਵੀ ਨਹੀਂ ਦਿੱਸਦੀ ਜਾਣੋ, ਜੇ ਨਾ ਦਿਸੇ ਤਾਂ ਵੀ ਜਾਣੋ ਕਿ ਦਿੱਸਦੀ ਹੈ। ਇਹ ਪ੍ਰਤੱਖ ਥੀਂ ਪ੍ਰਤੱਖ ਤੇ ਗੁਪਤ ਥੀਂ ਗੁਪਤ ਹੈ। ਇਹ ਸੂਖਮ ਥੀਂ ਸੂਖਮ ਤੇ ਸਥੂਲ ਥੀਂ ਸਥੂਲ ਹੈ।

## ਪ੍ਰੀਤ ਰੱਬੀ ਸਵਾਸ ਹੈ

ਪ੍ਰੀਤ ਦੀ ਬੋਲੀ ਖਿੜੇ ਫੁੱਲਾਂ ਦੀ ਚਾਂਦਨੀ ਚੁੱਪ ਹੈ; ਤੇ ਇਸਦੀ ਚੁੱਪ ਨਿਰਜਨ ਬੇਲਿਆਂ ਦੀ ਵਿਹਲ (ਸੁੰਨ) ਨੂੰ ਚੀਰਦੀ ਕੂਕ ਹੈ। ਪ੍ਰੀਤ ਵਿਹਲ ਵੈਰਾਨਿਆਂ ਨੂੰ ਆਬਾਦ ਕਰਦੀ ਹੈ। ਪ੍ਰੀਤ ਉਹ ਸੱਚਖੰਡੀ ਜੋਤ ਹੈ, ਜਿਹੜੀ ਪੰਜ ਤੱਤਾਂ ਦੀ ਦੇਹ ਨਾਲ ਮਿਲ ਕੇ ਇਸ ਦੇਹ ਵਿਚ ਨਿਵਾਸ ਪਾ ਕੇ ਵੀ ਨਿਰੋਲ, ਨਿਰਮਲ, ਸੱਚਖੰਡੀ ਜੋਤ ਰਹਿੰਦੀ ਹੈ। ਇਹ ਸੱਚਖੰਡੀ ਰੂਹਾਂ ਦੀ ਜਨਮ ਜਨਮਾਂਤ੍ਰਾਂ ਵਿਚ ਇਕ ਮੱਧਮ ਵੇਗ ਦੀ ਮਾੜੀ-ਮਾੜੀ ਨਿੱਕੀ-ਨਿੱਕੀ ਦੁੱਧ ਰੰਗੀ, ਸਦਾ ਇਕ-ਰਸ ਰਹਿਣ ਵਾਲੀ, ਆਪਣੇ ਸੱਚੇ ਸੰਦੇਸ਼ ਦੀ ਖ਼ੁਸ਼ੀ ਭਰੀ ਦਰਦ ਹੈ। ਓਹ ਦਰਦ ਭਰੀ ਖ਼ੁਸ਼ੀ ਦੀ ਤਾਂਘ ਹੈ, ਜਿਸ ਨੂੰ ਕੋਈ ਮਿਟਾਅ ਨਹੀਂ ਸਕਦਾ। ਦੇਹਧਾਰੀ ਹੋ ਕੇ ਵੀ ਜੀ ਦੀ ਦਮਦਮੀ ਤੂੰ ਹੀ, ਤੂੰ ਹੀ ਵਾਲੀ ਧੁਰ ਨਾਲ ਬੱਧੀ ਖਿੱਚ ਹੈ। ਇਹ ਪ੍ਰੀਤ ਸੱਚਖੰਡ ਨੂੰ ਬ੍ਰਹਿਮੰਡ ਤੇ ਬ੍ਰਹਿਮੰਡ ਨੂੰ ਸੱਚਖੰਡ ਬਣਾ ਦਿੰਦੀ ਹੈ। ਸਾਰੀ ਨੇਚਰ (ਕੁਦਰਤ) ਦੇ ਨਜ਼ਾਰੇ, ਸੂਰਜ ਦਾ ਚੜ੍ਹਨਾ, ਸਵੇਰ ਵੇਲੇ ਦੇ ਨਾਨਾ ਰੰਗ, ਫੁੱਲਾਂ ਦਾ ਖਿੜਨਾ, ਹੱਸਣਾ, ਪੱਤਿਆਂ ਭਰੀਆਂ ਸ਼ਾਖ਼ਾਂ ਦਾ ਹਵਾ ਨਾਲ ਰਲ ਮਿਲ ਪਰੀਆਂ ਵਾਂਗ ਨਾਚ ਕਰਨਾ, ਸੋਹਣੀ ਜਗ੍ਹਾ, ਰੁਮਕਦੇ ਜਾਂਦੇ ਦਰਿਆ, ਉਹ ਨਿਰਾ ਨਿਰੋਲ ਅਡੋਲ ਗੁਰਮੁਖਾਂ ਦੇ ਮਨ ਦੀ ਨੁਹਾਰ ਵਾਲਾ ਆਕਾਸ਼, ਉਹ ਕਿਰਨਾਂ ਦਾ ਜਮਘਟ, ਉਹ ਨੂਰ ਦੀ ਹਰ ਰੋਜ਼ ਮੀਂਹ ਵਰਖਾ, ਉਹ ਪੰਛੀਆਂ ਦੇ ਰਾਗ, ਤ੍ਰਿੰਜਨ ਦੀਆਂ ਬੈਰਾਗ ਰਾਗ ਵਾਲੀਆਂ ਤਾਨਾਂ, ਉਹ ਚੀੜ੍ਹ ਦੇ ਜੰਗਲਾਂ ਵਿੱਚੋਂ ਗੁਜ਼ਰੀ ਹਵਾ ਦੇ ਬੇਅੰਤ ਸਪਤਮ ਦੇ ਰਾਗ, ਉਹ ਸਮੁੰਦਰ ਦੀਆਂ ਕੂਕਾਂ, ਉਹ ਨਹਿਰਾਂ ਦੇ ਅਲਾਪ, ਉਹ ਸਮੁੰਦਰ ਕਿਨਾਰੇ ਉਪਰ ਅਨੰਤ ਜਲਾਂ ਦੇ ਅੰਤ ਸਮੇਂ ਦੇ ਸੋਹਿਲੇ, ਉਹ ਫੁਲਾਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ, ਉਹ ਫਲਾਂ ਦੇ ਮਿੱਠੇ ਰਸ, ਉਹ ਠੰਢੇ ਸੋਮਿਆਂ ਦੇ ਜਲਾਂ ਦੇ ਸੂਖਮ ਅੰਤਰਾਂ ਵਾਲੇ ਸਵਾਦ, ਉਹ ਦੁਪਹਿਰਾਂ ਦੇ ਕੜਾਕੇ, ਉਹ ਸ਼ਾਮਾਂ ਦੀ ਭਿੰਨੀ ਭਿੰਨੀ ਰੁਮਕਦੀ ਹਵਾ, ਉਹ ਪੱਛਮੀ ਆਕਾਸ਼ ਦੇ ਰੰਗ। ਉਹ ਸੰਸਾਰ ਦੀ ਨਾਨਾ ਮੂਰਤਾਂ, ਸੂਰਤਾਂ, ਇਹ ਬੁੱਤਾਂ ਸਰੀਰਾਂ ਦੇ ਸੁਹਣੱਪ ਦੀ ਮਹਿਮਾ, ਉਹ ਸੋਹਣੇ ਕੇਸ਼, ਉਹ ਸੋਹਣੇ ਕਾਲੇ ਭਰਵੱਟੇ, ਚੰਦ ਮੱਥਾ, ਉਹ ਚਿੱਟੇ ਮੋਤੀਆਂ ਵਰਗੇ ਦੰਦ, ਉਹ ਗੁਲਾਬੀ ਕਪੋਲ, ਉਹ ਚੂਨੀਆਂ ਭੱਖ ਵਾਲੇ ਹੋਂਠ, ਉਹ ਕਾਲੀ ਕਾਲੀ ਗਹਿਰੀ ਤੱਕ ਵਾਲੀਆਂ ਕੋਮਲ ਅੱਖਾਂ, ਉਹ ਕੰਨ, ਉਹ ਗਰਦਨ, ਉਹ ਬਾਹਾਂ, ਉਹ ਹੱਥ, ਉਹ ਉਂਗਲਾਂ, ਉਹ ਛਾਤੀ, ਉਹ ਪੇਟ, ਉਹ ਲੱਤਾਂ, ਉਹ ਪੈਰ,

ਉਹ ਕਮਰ, ਉਹ ਗੋਡੇ, ਹਾਂ ਜੀ! ਨਰ ਨਾਰੀ ਦੇ ਰੱਬੀ ਸਰੀਰ ਦੀ ਸੋਹਣੀ ਸੁਡੋਲਤਾ, ਇਹ ਸਾਰੇ ਰੱਬੀ ਸਾਮਾਨ ਪ੍ਰੀਤਮ ਜੀ ਦੇ ਪ੍ਰੇਮ ਸੁਨੇਹੇ ਹਨ। ਸ਼ੈਕਸਪੀਅਰ ਜੀ ਆਖਦੇ ਹਨ:

**"There are Sermons in stones and books in running brooks."**

ਪੱਥਰਾਂ, ਘਾਹਾਂ ਤੇ ਥਲਾਂ ਵਿਚ ਰੱਬ ਬੈਠਾ ਉਪਦੇਸ਼ ਕਰ ਰਿਹਾ ਹੈ। ਜਲਾਂ ਵਿਚ ਪੋਥੀਆਂ ਤੇ ਪੁਸਤਕਾਂ ਲਿਖੀਆਂ ਜਾ ਰਹੀਆਂ ਹਨ। ਆਦਮੀ ਅੱਜ-ਕੱਲ੍ਹ ਆਪਣੀ ਦੇਹ ਥੀਂ ਸ਼ਰਮਾਉਂਦਾ ਹੈ। ਪਰ ਸ਼ੇਰ ਮਰਦ ਕੁਦਰਤ ਦਾ ਪੁੱਤਰ ਅਮਰੀਕਾ ਦਾ ਵਾਲਟ ਵਹਿਟਮੈਨ ਆਪਣੇ ਰੂਹ ਦੇ ਤੂਫ਼ਾਨੀ ਰਾਗ ਦੀਆਂ ਬੇਰਾਗ ਰਾਗਨੀਆਂ ਵਿਚ ਨੀਲਾਮ ਦੀ ਬੋਲੀ ਦੇਣ ਵਾਲੇ ਦੀ ਆਵਾਜ਼ ਵਾਂਗੂ ਨਿਰਭੈ ਤੇ ਉੱਚੀ ਉੱਚੀ ਨਰ ਨਾਰੀ ਦੋਹਾਂ ਦੇ ਸਰੀਰ ਦੇ ਅੰਗ ਗਿਣ ਗਿਣ ਸੁਣਾਉਂਦਾ ਹੈ। ਸਾਰੇ ਅੰਗਾਂ ਨੂੰ ਮਾਨੋ ਨੀਲਾਮ ਕਰਦਾ ਹੈ, ਆਜ਼ਾਦ ਤੇ ਖੁੱਲ੍ਹੇ ਆਵਾਜ਼ ਨਾਲ ਬੋਲਦਾ ਹੈ।

ਪਹਿਲੇ ਪਹਿਲ ਜਦ ਆਪ ਜੀ ਦੀ ਕੂਕ ਅਮਰੀਕਾ ਨਿਵਾਸੀਆਂ ਦੇ ਕੰਨਾਂ ਤਕ ਪੁੱਜੀ, ਤਦ ਸਭ ਲੇਡੀਆਂ ਅਰ ਜੰਟਲਮੈਨ ਕੰਨ ਕਤਰਾ ਕੇ ਛੁਪ ਗਏ। ਹਾਏ! ਇਹੋ ਜਿਹਾ ਭੈੜਾ ਕਵੀ, ਇਹੋ ਜਿਹਾ ਗੰਦਾ ਕਵੀ, ਵਾਲਟ ਵਹਿਟਮੈਨ ਦੇ ਮੂੰਹ ਕੋਈ ਨਹੀਂ ਲੱਗਣਾ ਚਾਹੁੰਦਾ ਸੀ। 'ਐਮਰਸਨ' ਨੇ ਵਾਲਟ ਵਹਿਟਮੈਨ ਨੂੰ ਸੱਦ ਕੇ ਆਖਿਆ- ਸਾਈਂ ਜੀ! ਤੁਸਾਂ ਦੀ ਕਵਿਤਾ "Children of Adam" (ਆਦਮ ਦੇ ਬੱਚੇ) ਆਦਿਕ ਸੱਭਿਅਤਾ ਦੇ ਬਰਖ਼ਿਲਾਫ਼ ਤੇ ਗੰਦੇ ਹਨ। ਵਾਲਟ ਵਹਿਟਮੈਨ ਨੇ ਆਪਣੀ ਡਾਇਰੀ ਵਿਚ ਮੁੜ ਕੇ ਇਉਂ ਲਿਖਿਆ- "ਜਦ ਮੈਂ ਪੰਡਿਤ ਐਮਰਸਨ ਜੀ ਪਾਸ ਬੈਠਾ ਸਾਂ ਤਾਂ ਇਹ ਪ੍ਰਤੀਤ ਹੋਇਆ ਜੋ ਮੈਂ ਬੜਾ ਗੁਨਾਹ ਕੀਤਾ ਹੈ, ਬੜੀ ਭੈੜੀ ਗੱਲ ਲਿਖੀ ਹੈ। ਪੰਡਿਤ ਜੀ ਨੇ ਇੰਨੀ ਫ਼ਿਲਾਸਫ਼ੀ ਛਾਂਟੀ ਕਿ ਦਲੀਲਾਂ ਦੇ ਹੜ੍ਹ ਹੀ ਮੇਰੇ ਸਿਰ ਪਰ ਸੁੱਟ ਘੱਤੇ। ਪਰ ਜਦ ਮੈਂ ਆਪਣੀ ਕਵਿਤਾ ਉਠਾ ਕੇ ਪੜ੍ਹਨ ਲੱਗਾ; ਪੈਨਸਿਲ ਹੱਥ ਵਿਚ ਲਈ ਤਾਂ ਕਿ ਜਿਹੜੀ ਗੱਲ ਮਾੜੀ ਹੋਵੇ, ਉਸ ਨੂੰ ਕੱਟ ਦੇਵਾਂ (ਕਿਤਾਬ ਹਾਲੇ ਛਾਪੇਖ਼ਾਨੇ ਵਿਚ ਨਹੀਂ ਗਈ ਸੀ), ਤਦ ਮੈਨੂੰ ਮਾੜੀ ਗੱਲ ਕੋਈ ਨਾ ਲੱਗੀ। ਸਭ ਚੰਗੀਆਂ ਸਨ। ਚੰਗਾ ਮੈਂ ਵਹਿਸ਼ੀ ਹੀ ਸੀ। ਮੇਰੀ ਵਹਿਸ਼ੀ ਰੂਹ ਦੀ ਆਵਾਜ਼ ਹੈ। ਮੈਨੂੰ ਮੇਰੇ ਵਾਂਗ ਕੂਕਣ ਥੀਂ ਕੋਈ ਨਾ ਰੋਕੇ, ਚੱਲਣ ਦਿਓ।"

ਹੁਣ ਉਹੀ ਕਵਿਤਾ ਹੈ, ਜਿਸ ਨੂੰ ਸਾਰਾ ਸੰਸਾਰ ਆਦਰ ਨਾਲ ਤੱਕਦਾ ਹੈ। ਰੱਬੀ ਰੂਹ ਨੇ, ਸੱਚਖੰਡੀ ਰੂਹ ਨੇ, ਰੱਬ ਦੀ ਕਾਰੀਗਰੀ ਸੋਹਣੀ ਤਰ੍ਹਾਂ ਗਿਣ ਗਿਣ ਦੱਸੀ ਹੈ। ਉਸਦੀ ਕਵਿਤਾ ਪੜ੍ਹ ਕੇ ਆਦਮੀ ਦੇ ਬੁੱਤ ਅੱਗੇ ਸਿਜਦਾ ਕਰਨ 'ਤੇ ਤਬੀਅਤ ਕਰਦੀ ਹੈ। ਰੋਮ ਰੋਮ ਪਵਿੱਤਰ ਭਾਵਾਂ ਨਾਲ ਭਰ ਜਾਂਦਾ ਹੈ। ਕੋਈ ਚੀਜ਼ ਕੌਣ ਹੋਈ? ਫੁੱਲ ਚੰਗੇ, ਹਵਾ ਚੰਗੀ, ਰੌਸ਼ਨੀ ਚੰਗੀ, ਪਹਾੜ ਚੰਗੇ, ਹਰਿਆਵਲ ਚੰਗੀ, ਲਾਲੀ ਚੰਗੀ, ਰੰਗ ਚੰਗੇ, ਆਕਾਸ਼ ਚੰਗਾ ਤੇ ਇਨ੍ਹਾਂ ਚੰਗੀਆਂ ਦਾ ਸਾਜ਼ ਚੰਗੇ ਤੋਂ ਚੰਗੇ ਨੇ ਸਵਾਰਿਆ। ਮਨੁੱਖਾ ਦੇਹੀ ਕਿਧਰੋਂ ਭੈੜੀ ਹੋ ਗਈ? ਵਾਲਟ ਵਹਿਟਮੈਨ ਬੜਾ ਸੱਚਾ। ਕੂੜੇ ਉਹ ਜੋ ਰੱਬੀ ਦਾਤਾਂ ਨੂੰ ਕਲੰਕ ਲਾਣ। ਪਰ ਇਹ ਲਿਖਦਿਆਂ ਲਿਖਦਿਆਂ ਬਾਵਲਿਆਂ ਵਾਲੀ ਗੱਪ ਮਾਰ ਦਿੱਤੀ। ਹੁਣ ਆਵਾਂ ਫਿਰ ਪ੍ਰੀਤ ਵਲ-ਪ੍ਰੀਤ ਦਿਲ ਦੋ ਘੜੀ ਪਲ ਅਥਵਾ ਖਿਣ ਮਾਤਰ ਦੀ ਆਯੂ ਪ੍ਰਯੰਤ ਕਿਸੇ ਪਦਾਰਥ ਵਿਚ ਲੱਗ ਜਾਣ ਦਾ ਨਾਮ ਨਹੀਂ। ਇਹ ਪ੍ਰੀਤ ਦਾ ਸਗੋਂ ਠੀਕ ਉਲਟ ਹੈ, ਪ੍ਰੀਤ ਘੜੀ ਪਲ ਅਥਵਾ ਖਿਣ ਮਾਤਰ ਦੀ ਆਯੂ ਪ੍ਰਯੰਤ ਕਿਸੇ ਨੂੰ ਦਿਲ ਦੇ ਦੇਣ ਦਾ ਨਾਮ ਹੈ।

ਪ੍ਰੀਤ ਤਾਂ ਉਹ ਡੋਰੀ ਹੈ, ਜਿਹੜੀ ਮੇਰੇ ਹੱਥ ਨਹੀਂ, ਤੇਰੇ ਹੱਥ ਵਿਚ ਨਹੀਂ; ਕੇਵਲ ਵਾਹਿਗੁਰੂ ਦੇ ਹੱਥ ਹੈ। ਮੇਰੀ ਤੇਰੀ ਮਰਜ਼ੀ ਨਹੀਂ, ਮੇਰਾ ਤੇਰਾ ਦਿਲ ਨਹੀਂ, ਜਿਹੜਾ ਅਸੀਂ ਇਕ ਦੂਏ ਨੂੰ ਦੇ ਸਕਦੇ ਹਾਂ। ਮੇਰਾ ਤੇਰਾ ਦਿਲ ਨਹੀਂ ਜਿਹੜਾ ਮੈਨੂੰ ਚਲਾਵੇ। ਜਿਸ ਤਰ੍ਹਾਂ ਉਹ ਧੁਰ ਨਾਲ ਬੱਧੀ ਡੋਰੀ ਹਿੱਲੇ, ਉਸ ਤਰ੍ਹਾਂ 'ਮੇਰੀ ਮੈਂ' ਚੱਲੇ। ਇਹ ਪ੍ਰੀਤ ਦਾ ਸਰੂਪ ਗੁਰਮੁਖਾਂ ਦੇ ਨੈਣਾਂ ਦੀ ਭਾਖਾ (ਬੋਲੀ) ਦਾ ਹੈ। ਬਾਕੀ ਪ੍ਰੀਤ ਦੇ ਸਰੂਪ ਭਾਵੇਂ ਕਿਸੀ ਪ੍ਰਕਾਰ ਦੇ ਹੋਵਨ ਮਨਮੁਖ ਸਰੂਪ ਹਨ।

ਪ੍ਰੀਤ ਇਕ ਰਾਗ ਹੈ, ਪ੍ਰੀਤ ਦੀ ਧਾਰਾ (ਰੌ) ਧੁਰੋਂ ਗਾਉਂਦੀ ਹੈ। ਗਾਉਂਦੀ ਗਾਉਂਦੀ ਮਨੁੱਖ ਵਿਚ ਵੜ ਜਾਂਦੀ ਹੈ ਤੇ ਮਨੁੱਖੀ ਜੀਵਨ ਵਿਚ ਰੋਮ ਰੋਮ ਵਿੱਚੋਂ ਰਸ ਰੂਪ ਹੋ ਨਿਕਲਦੀ ਹੈ; ਸਤਿਗੁਰਾਂ ਦਾ ਧੰਨਵਾਦ ਰੂਪ, ਖ਼ੁਸ਼ੀ ਰੂਪ, ਅਨੰਤ ਮਹਿਮਾ ਰੂਪ ਹੋ ਨਿਕਲਦੀ ਹੈ। ਇਹ ਇਕ ਧਾਰਾ ਰੂਪ ਸਤਿਗੁਰਾਂ ਦੀ ਮਿਹਰ ਦਾ ਦਰਿਆ ਜਿਹੜਾ ਗੁਰਮੁਖਾਂ ਦੇ ਜੀਵਨ ਨੂੰ ਉਨ੍ਹਾਂ ਦੇ ਸੋਮੇ ਨਾਲ ਜੋੜਦਾ ਹੈ, ਪ੍ਰੀਤ ਹੈ। ਪ੍ਰੀਤ ਜੇ ਕਿਸੇ ਮਨੁੱਖ ਵਿਚ ਹੋਵੇ ਤਾਂ ਉਹ ਰੱਬੀ ਦਾਤ ਹੈ; ਧੁਰੋਂ ਆਉਂਦੀ ਹੈ। ਜਿਹੜੀ ਧੁਰੋਂ ਨਾ ਆਵੇ; ਚਾਹੇ ਕਿੰਨੀ ਉੱਚੀ ਤੇ ਸੋਹਣੀ ਤੇ ਰੰਗੀਲੀ ਦਿੱਸੇ, ਉਹ ਪ੍ਰੀਤ ਨਹੀਂ। ਪ੍ਰੀਤ ਕਰਨ ਵਾਲਾ ਵਾਹਿਗੁਰੂ ਹੈ, ਤੇ ਜੋ ਕੁਝ ਉਹ ਕਰ ਰਿਹਾ ਹੈ, ਉਹ ਪ੍ਰੀਤ ਹੈ। ਵਾਹਿਗੁਰੂ ਮਾਰੇ ਤਾਂ ਉਹ ਪ੍ਰੀਤ ਹੈ, ਮਾਰ ਜੀਵਾਲੇ ਤਾਂ ਪ੍ਰੀਤ ਹੈ, ਦੁਖ ਦੇਵੇ ਤਾਂ ਪ੍ਰੀਤ ਲੱਗੀ ਹੋਵੇ, ਹੋਵੇ ਸਹੀ, ਵਾਹਿਗੁਰੂ ਦੀ ਰੌ ਸਾਡੇ ਅੰਦਰ ਆਉਂਦੀ ਹੋਵੇ ਸਹੀ, ਬਸ ਸਭ ਰੰਗ ਪ੍ਰੀਤ ਦੇ ਹਨ।

**ਪ੍ਰੀਤ ਉੱਚੇ ਖ਼ਿਆਲ ਦਾ ਨਾਮ ਨਹੀਂ।**

**ਪ੍ਰੀਤ ਉੱਚੀਆਂ ਗੱਲਾਂ ਦਾ ਨਾਮ ਨਹੀਂ।**

**ਪ੍ਰੀਤ ਬੜੀਆਂ ਬੜੀਆਂ ਕਵਿਤਾ ਲਿਖਣ ਦਾ ਨਾਮ ਨਹੀਂ।**

**ਪ੍ਰੀਤ ਤਾਂ ਬ੍ਰਹਿਮੰਡੀ ਰੂਹ ਦਾ ਸੱਚਖੰਡੀ ਜੋਤ ਨਾਲ ਖਿੱਚੇ ਰਹਿਣ ਦਾ ਨਾਮ ਹੈ।**

**ਧੁਰ ਨਾਲ ਰਿਸ਼ਤਾ ਹੋ ਜਾਣ ਦਾ ਨਾਮ ਪ੍ਰੀਤ ਹੈ।**

**ਪ੍ਰੀਤ ਇਲਾਹੀ ਫ਼ਕੀਰੀ ਹੈ।**

**ਪ੍ਰੀਤ ਗੁਰੂ ਨਾਨਕ ਨਿਰੰਕਾਰੀ ਦਾ ਸੱਚਾ ਸਿੱਖੀ ਜੀਵਨ ਹੈ।**

**ਪ੍ਰੀਤ ਗੁਰੂ ਨਾਨਕ ਨਿਰੰਕਾਰੀ ਦਾ ਸੱਚਾ ਰਾਜਯੋਗ ਹੈ।**

**ਪ੍ਰੀਤ ਸੱਚਾ ਗੁਰਮੁਖੀ ਸਿੱਖੀ ਜੀਵਨ ਹੈ, ਗੁਰਮੁਖ ਸੰਤ ਪ੍ਰੀਤ ਦੀਆਂ ਮੂਰਤਾਂ ਹਨ।**

ਹੋਰ ਪ੍ਰੀਤ ਨਾਮ ਰਖਾਣ ਵਾਲੀਆਂ: ਬੰਨੇ ਬੰਨੀ ਦੀ ਲੜ ਲੱਗੀਆਂ, ਮਾਵਾਂ-ਪੁੱਤਾਂ ਦੇ ਭਾਵ, ਭੈਣਾਂ-ਭਰਾਵਾਂ ਦੇ ਮੋਹ, ਇਹ ਸਭ ਕਈ ਪ੍ਰਕਾਰ ਦੀਆਂ ਧੜੇਬੰਦੀਆਂ, ਜਥੇਬੰਦੀਆਂ ਹਨ। ਇਨ੍ਹਾਂ ਵਿਚ ਚੰਗੀਆਂ ਤੇ ਸੋਹਣੀਆਂ ਉਹੀ ਹਨ, ਜਿਨ੍ਹਾਂ ਨੂੰ ਸਤਿਗੁਰੂ ਦਾ ਨਾਮ, ਸੱਚਖੰਡੀ ਪਰਿਵਾਰ ਬਣਾਏ, ਨਹੀਂ ਤਾਂ ਸਭ ਧੜੇਬੰਦੀਆਂ ਕੂੜ ਵੇ ਲੋਕੋ, ਕੂੜ। ਇਹ ਗੱਲਾਂ ਕੂੜ ਨਾ ਹੋਵਨ, ਤਾਂ ਸੰਸਾਰ ਦਾ ਇਹ ਹਾਲ ਹੋਵੇ? ਭਾਈ ਇਹ ਸਭ ਇਉਂ ਆਖੀਆਂ ਗੱਲਾਂ ਕੂੜ। ਕੋਈ ਨਾ ਭਾਈ ਕੋਈ ਨਾ! ਪ੍ਰੀਤ ਦੀ ਤਾਂ ਜਿਥੇ ਇਕ ਕਣੀ ਹੋਵੇ, ਉਥੇ ਸੱਚਖੰਡ ਦੀ ਮਹਿਮਾ ਵਰਤ ਜਾਂਦੀ ਹੈ। ਹਾਂ ਜੀ! ਪ੍ਰੀਤ ਦੇ ਅੱਖ ਪਲਕਾਰੇ ਨਾਲ ਕੋੜ੍ਹੀ ਰੋਗੀ ਚੰਗੇ ਹੋ ਜਾਣ; ਹਾਂ ਜੀ! ਪ੍ਰੀਤ ਦੇ ਇਸ਼ਾਰੇ ਨਾਲ ਮੁਰਦੇ ਉਠ ਖਲੋਣ; ਹਾਂ ਜੀ! ਇਕ ਕਣੀ ਪ੍ਰੀਤ ਅੰਦਰ ਹੋਵੇ ਤਾਂ ਸਭ ਚੀਜ਼ਾਂ ਚੰਗੀਆਂ ਚੰਗੀਆਂ ਲੱਗਣ ਲੱਗ ਜਾਣ। ਅੱਖਾਂ ਵਿਚ ਉਹ ਅੰਮ੍ਰਿਤ ਮਿੱਤਰਤਾ ਆ ਜਾਂਦੀ ਹੈ, ਜੋ ਵੈਰੀ ਕੋਈ ਨਹੀਂ ਰਹਿੰਦਾ। ਬਾਹਾਂ ਵਿਚ ਉਹ ਪਿਆਰ ਭਰ ਜਾਂਦਾ ਹੈ ਜੋ ਘਾਹਾਂ, ਪੱਥਰਾਂ, ਬਿਰਛਾਂ ਨੂੰ ਗਲਵੱਕੜੀ ਪਾਂਦੇ ਹਨ। ਹਾਸਾ, ਖ਼ੁਸ਼ੀ, ਮਸਤੀ ਮਿਟਾਏ ਨਾ ਮਿਟੇ। ਹਾਂ ਜੀ! ਇਕ ਕਣੀ ਪ੍ਰੇਮ ਹੋਵੇ ਤਾਂ ਮੌਤ ਦੇ ਕਿਲ੍ਹੇ ਚੂਰ ਭੂਰ ਹੋ ਚਰਨਾਂ ਵਿਚ ਰੁਲਦੇ ਹਨ। ਅਰ ਸਵਾਸਾਂ ਦੇ ਦਮਦਮੇ ਥੀਂ ਮੌਤ ਪਰ ਆਖ਼ਰੀ ਫ਼ਤਹਿ ਦੀਆਂ ਸ਼ਲਕਾਂ ਹੋਣ ਲੱਗ ਜਾਂਦੀਆਂ ਹਨ। ਪ੍ਰੀਤ ਹੋਵੇ, ਜੀਅ ਦਾਨ ਦੇਣ ਵਾਲੀ ਇਲਾਹੀ ਵਸਤੂ। ਹਾਂ ਜੀ! ਵਸਤੂ ਰੂਪ ਪਰ ਅਸਲ ਵਿਚ ਸਦਾ ਲਈ ਅਵਸਤੂ। ਤੇ ਲੋਕ ਆਖਣ ਅਸੀਂ ਪ੍ਰੀਤਵਾਨ ਹਾਂ। ਹਾਂ ਜੀ! ਅਸੀਂ ਬੰਨੇ ਬੰਨੀ ਪ੍ਰੀਤਵਾਨ ਹਾਂ। ਹਾਂ ਜੀ! ਅਸੀਂ ਮਾਂ ਪੁੱਤ ਹਾਂ, ਅਸੀਂ ਭੈਣ-ਭਰਾ ਹਾਂ, ਪ੍ਰੀਤ ਦੀ ਇਕ ਕਣੀ ਜੇ ਹੋਵੇ, ਤਦ ਰੋਂਦੇ ਚੁੱਪ ਹੋ ਜਾਣ, ਹੱਸ ਪੈਣ, ਖ਼ੁਸ਼ ਹੋ ਜਾਣ। ਹਾਂ ਜੀ! ਇਕ ਜੋੜਾ ਹੋਵੇ, ਤੇ ਜੇ ਸਤਿਗੁਰੂ ਦੀ ਮਰਜ਼ੀ ਹੋਵੇ ਤਾਂ

ਇਕ ਜੋੜਾ ਸਾਰੇ ਸੰਸਾਰ ਦਾ ਰੰਗ ਬਦਲ ਦੇਵੇ। ਭੁੱਖੇ ਨੂੰ ਅੰਨ ਦਿੱਤਾ, ਪਰ ਖ਼ੁਸ਼ ਨਾ ਕੀਤਾ, ਕਿਸ ਕੰਮ ? ਅੰਨ੍ਹੇ ਨੂੰ ਅੱਖਾਂ ਦਿੱਤੀਆਂ, ਪਰ ਦਿਲ ਖ਼ੁਸ਼ ਨਾ ਕੀਤਾ ਤਾਂ ਕਿਸ ਕੰਮ ? ਤੇ ਜੇ ਦਿਲ ਖ਼ੁਸ਼ੀ ਕਰਕੇ ਫਿਰ ਜ਼ਹਿਰ ਦੇ ਮਾਰਿਆ ਤਾਂ ਕਿਸ ਕੰਮ ? ਬਸਤਰ ਦਿੱਤੇ ਤੇ ਅੰਦਰ ਦੀ ਖ਼ੁਸ਼ੀ (ਆਜ਼ਾਦੀ) ਨਾ ਦਿੱਤੀ ਤਦ ਕਿਸ ਕੰਮ ? ਜੇ ਰੋਗੀ ਨੂੰ ਰਾਜ਼ੀ ਕੀਤਾ, ਮੁਰਦੇ ਨੂੰ ਜੀਵਾਲਿਆ ਤੇ ਉਸਦੇ ਜੀ ਨੂੰ, ਮੋਏ ਰੂਹ ਨੂੰ ਰਾਜ਼ੀ ਨਾ ਕੀਤਾ ਤਾਂ ਕਿਸ ਕੰਮ ? 'ਮੈਂ' ਬੰਨ੍ਹੀ ਗਹਿਣੇ ਪਾ ਪਿਆਰ ਕੀਤਾ ਤਾਂ ਕਿਸ ਕੰਮ ? ਮੈਂ, ਜਦ ਜਮ ਦੇ ਦੂਤ ਉਸਦੇ ਰੂਹ ਨੂੰ ਫੜ ਕੇ ਮੇਰੇ ਸਾਹਮਣੇ ਲੈ ਗਏ। ਮਾਂ ਨੇ ਦੁੱਧ ਪਿਲਾਇਆ ਤਾਂ ਕਿਸ ਕੰਮ ? ਜਦ ਮਾਂ ਬੋਰੀ ਪੁੱਤ ਪੁੱਤ ਕਰਕੇ ਨਰਕਾਂ ਨੂੰ ਗਏ। ਹਾਂ ਜੀ! ਜਗਤ ਦੀ ਧੜੇਬੰਦੀ ਏਵੇਂ ਦਿਖਾਵੇ ਨੂੰ ਹੈ। ਇਹ ਇਉਂ ਆਖਿਆਂ ਪ੍ਰੀਤਾਂ ਕੁਰੀਤਾਂ ਹਨ- ਪ੍ਰੀਤਾਂ ਨਹੀਂ। ਇਹ ਯਾਦਾਂ ਨਹੀਂ ਭੁੱਲਾਂ ਹਨ। ਤਦ ਮੇਰਾ ਚੋਜੀ ਇਨ੍ਹਾਂ ਪ੍ਰੀਤਾਂ ਨੂੰ ਆਖਦਾ ਹੈ :

**ਜੇਤਾ ਮੋਹੁ ਪਰੀਤਿ ਸੁਆਦ ॥**
**ਸਭਾ ਕਾਲਖ ਦਾਗਾ ਦਾਗ ॥ (ਧਨਾਸਰੀ ਮ.੧, ਪੰਨਾ : ੬੬੨)**

**ਨ ਭਾਈ ! ਪ੍ਰੀਤ ਹੋਵੇ ਅਸਾਂ ਅੰਦਰ, ਬੰਨੇ ਬੰਨੀ ਬਨਾਏ ਹੋਵਨ ਸਤਿਗੁਰੂ ਨੇ।**
**ਮਾਂ ਪੁੱਤ ਬਨਾਏ ਹੋਵਨ ਸਤਿਗੁਰੂ ਨੇ।**
**ਭੈਣ ਭਰਾ ਬਨਾਏ ਹੋਵਨ ਸਤਿਗੁਰੂ ਨੇ।**
**ਬਾਬਲ ਧੀ ਬਨਾਏ ਹੋਵਨ ਸਤਿਗੁਰੂ ਨੇ।**
**ਇਕ ਦੂਏ ਨੂੰ ਤਦ ਮਨ ਯਾਦ ਆਵੇ ਸੱਚਖੰਡ, ਤਾਂ ਸੰਸਾਰ ਦਾ ਰੰਗ ਹੋਰ ਹੋਵੇ।**

ਭਾਈ ਮੈਨੂੰ ਨਾ ਆਖੋ। ਪੁਲਪਟਾਂ (Pulpit- ਧਰਮ ਉਪਦੇਸ਼ ਕਰਨ ਦਾ ਆਸਣ) ਪਰ ਚੜ੍ਹ ਕੇ ਹੱਥ ਮਾਰ ਕੇ ਮੈਨੂੰ ਆਖੋ; ਤੁਸਾਡੀਆਂ ਧੜੇਬੰਦੀਆਂ ਪ੍ਰੀਤਾਂ ਹਨ, ਬਾਵਲਿਆਂ ਦੇ ਹਸਪਤਾਲ ਮੌਤਾਂ ਤੱਕਣ ਆ ਜਾਵਾਂ, ਪਰ ਤੁਸੀਂ ਪ੍ਰੀਤ ਪ੍ਰੀਤ ਨਾ ਕੂਕੋ। ਹੋਵੇ ਪ੍ਰੀਤ, ਤੇ ਤੁਸਾਡੇ ਆਪਸ ਵਿਚ ਹੋਵਨ ਇਹ ਲੁੱਟਾਂ, ਇਹ ਫੁੱਟਾਂ। ਇਹ ਫੋਟਾਂ, ਇਹ ਭਰਾਵਾਂ-ਪਾਂਡਵ ਕੌਰਵਾਂ- ਦੇ ਮਹਾਂਭਾਰਤ; ਹਾਂ ਜੀ! ਗਲੀ ਗਲੀ ਖ਼ੂਨੀ ਮਹਾਂਭਾਰਤ; ਹਾਂ ਜੀ! ਇਹ ਦਿਲ ਤੋੜ ਸੀਨਾਜ਼ੋਰੀਆਂ, ਇਹ ਨਫ਼ਰਤਾਂ, ਇਹ ਲਠਮਾਰੀਆਂ, ਇਹ ਆਹੋਜ਼ਾਰੀਆਂ, ਇਹ ਪਾਪ, ਇਹ ਅਤਿਆਚਾਰ, ਇਹ ਗ਼ਰੀਬਾਂ- ਅਮੀਰਾਂ ਦੇ ਫ਼ਰਕ, ਇਹ ਸੋਹਣੇ ਮਨੁੱਖੀ ਦਿਲਾਂ ਵਿਚ ਕਠੋਰ ਕਟਾਰੀਆਂ ਦੀ ਥਾਂ ਕਾਟਾਂ; ਨਹੀਂ ਭਾਈ! ਇਹ ਸੰਸਾਰੀ ਧੜਾਬੰਦੀ ਪ੍ਰੀਤ ਨਹੀਂ। ਪ੍ਰੀਤ ਤਾਂ ਠੰਢ ਵਰਤਾਉਂਦੀ ਹੈ।

**ਧੜਾ ਬੰਦੀ ਅੱਗ ਵਰਸਾਉਂਦੀ ਹੈ।**
**ਪ੍ਰੀਤ ਸੁਖ ਦੇਂਦੀ ਹੈ।**
**ਧੜਾ ਬੰਦੀ ਜਨਮਾਂ ਦੇ ਪਵਾੜੇ ਪੈਦਾ ਕਰਦੀ ਹੈ।**
**ਪ੍ਰੀਤ ਹਰਾ ਭਰਾ ਕਰਦੀ ਹੈ।**
**ਧੜਾ ਬੰਦੀ ਜਾਲਦੀ ਹੈ।**
**ਪ੍ਰੀਤ ਜਿੰਦ ਹੈ ਜਾਨ ਹੈ ਆਜ਼ਾਦੀ ਹੈ।**
**ਧੜਾ ਬੰਦੀ ਮੌਤ ਹੈ ਕੈਦ ਹੈ ਬੰਧ ਹੈ।**
**ਬਸ ਜੀ, ਪ੍ਰੀਤ ਤਾਂ ਇਲਾਹੀ ਹੱਥਾਂ ਵਿਚ ਪਕੜੀ ਡੋਰੀ ਨਾਲ ਬੱਧੇ ਦਿਲ ਦੀ ਚਾਲ ਹੈ। ਜਿਵੇਂ ਡੋਰੀ ਹਿੱਲੇ ਤਿਵੇਂ ਏਹ ਚੱਲੇ।**

**ਸੰਸਾਰ ਵਿਚ ਪ੍ਰੀਤ ਦਾ ਕਾਲ**
**ਇਸ ਸੰਸਾਰ ਵਿਚ ਅੰਨ ਦਾ ਕਾਲ ਨਹੀਂ**
**ਧਨ ਦਾ ਕਾਲ ਨਹੀਂ**
**ਮਨ ਦਾ ਕਾਲ ਨਹੀਂ**
**ਦਿਲਲਗੀ ਦਾ ਕਾਲ ਨਹੀਂ**
**ਯੋਗਾਂ ਭੋਗਾਂ ਦਾ ਕਾਲ ਨਹੀਂ।**

ਕਿਸੇ ਪਦਾਰਥਕ ਚੀਜ਼ ਦਾ ਕਾਲ ਨਹੀਂ। ਰੱਬ ਨੇ ਅੱਤ ਹੀ ਚਾਈ ਹੋਈ ਹੈ। ਸੂਰਜ, ਚੰਨ ਦੀ ਰੌਸ਼ਨੀ ਖਲੇਰ ਦਿੱਤੀ, ਜਲ ਥਲ ਬੇਅੰਤ ਹੀ ਵਿਛਾ ਦਿੱਤੇ, ਹਵਾ ਦੇ ਇਤਨੇ ਗੁੰਬਦ ਬਣਾ ਦਿੱਤੇ, ਆਕਾਸ਼ ਇਤਨਾ ਅਨੰਤ ਫੈਲਾਅ ਦਿੱਤਾ, ਮਨ ਦੀਆਂ ਸ਼ਕਤੀਆਂ, ਰਿਧੀਆਂ ਸਿਧੀਆਂ ਦੇ ਢੇਰਾਂ ਦੇ ਢੇਰ ਲਾ ਦਿੱਤੇ।

ਸਰਬ ਥੀਂ ਮਹਿੰਗੀਆਂ ਚੀਜ਼ਾਂ ਇਤਨੀਆਂ ਪ੍ਰਾਪਤ ਕਰਾਈਆਂ, ਜੋ ਉਹ ਸਭ ਅਮੁੱਲੀਆਂ ਲੱਭ ਲੈਂਦੀਆਂ ਹਨ। ਇਤਨਾ ਧਨ ਹੈ ਜੋ ਜਿਥੇ ਮਨੁੱਖ ਚੱਲਦੇ ਹਨ, ਉਹ ਸੋਨੇ, ਚਾਂਦੀ, ਜਵਾਹਰਾਤ ਨਾਲ ਜੜੀਆਂ ਜਾ ਸਕਦੀਆਂ ਹਨ। ਇਤਨਾ ਧਨ ਹੈ ਜੋ ਸੂਰਜ ਤੇ ਚੰਨ ਕਪੜੇ ਆਨ ਧੋਏ ਤੇ ਦੇਗਚੇ ਚਾੜ੍ਹੇ ਤੇ ਹਵਾਵਾਂ ਬੁਹਾਰੀਆਂ ਫੇਰਨ, ਬੱਦਲਾਂ ਦੀਆਂ ਬਿਜਲੀਆਂ ਕਮਰੇ ਨੂੰ ਆਨ ਰੌਸ਼ਨ ਕਰਨ, ਕੁਦਰਤ ਹੱਥ ਜੋੜ ਅੱਗੇ ਖਲੋਵੇ, ਸਮੁੰਦਰਾਂ ਦੀ ਛਾਤੀ ਪਰ ਸੜਕਾਂ ਬਣ ਜਾਣ, ਰਿਧੀਆਂ ਸਿਧੀਆਂ ਲੋਹੇ ਦੇ ਇੰਜਣਾਂ ਨੂੰ ਬਖ਼ਸ਼ ਦਿੱਤੀਆਂ ਜਾਣ, ਇਤਨੀ ਲੁੱਟ ਪਾਈ ਜਾਵੇ- ਪਰ ਘਾਟਾ ਹੈ ਤਾਂ ਪ੍ਰੀਤ ਦਾ। ਜੇ ਪ੍ਰੀਤ ਹੋਵੇ ਤਾਂ ਤਨ, ਮਨ, ਧਨ, ਅਨ ਸਭ ਮਿਲ ਕੇ ਮਨੁੱਖ ਦੀ ਸੇਵਾ ਕਰਨ, ਗੁਰਮੁਖ ਜੀਵਨ ਆਵੇ, ਮਨੁੱਖ ਇਕ ਦੂਏ ਨੂੰ ਦੇਖ ਦੇਖ ਕੇ ਖ਼ੁਸ਼ ਹੋਵੇ, ਵਾਰੀ ਵਾਰੀ ਜਾਵੇ, ਬਲਿਹਾਰੀ ਬਲਿਹਾਰੀ ਜਾਵੇ। ਮਨੁੱਖ ਦੇ ਨਹੀਂ, ਪ੍ਰੀਤ ਦੇ ਸਦਕੇ ਸਦਕੇ, ਸਤਿਗੁਰੂ ਦੇ ਨਾਮ ਉੱਤੇ ਸਦਕੇ ਸਦਕੇ ਜਾਵੇ। ਇਹ ਜਗਤ ਸੱਚਖੰਡ ਬਣ ਜਾਵੇ, ਸਾਰੇ ਫ਼ਾਸਲੇ ਦੂਰ ਹੋ ਜਾਣ। ਅਮਨ, ਚੈਨ, ਸੁਖ, ਪ੍ਰੇਮ, ਪ੍ਰੀਤ ਦੀਆਂ ਨਿਤ ਨਵੀਆਂ ਲਹਿਰਾਂ ਤੇ ਰੰਗ ਉਠਣ। ਹਾਂ ਜੀ! ਪੱਤਾ ਪੱਤਾ ਜ਼ੱਰਾ ਜ਼ੱਰਾ ਸਤਿਗੁਰੂ ਦੀ ਮਹਿਮਾ ਦਾ ਗੀਤ ਗਾਵੇ, ਹਾਂ ਜੀ! ਪ੍ਰੀਤ ਬੋਲ ਉਠੇ। ਹਾਂ ਜੀ! ਚੁੱਪ ਵਿਚ ਕੂਕਾਂ ਹੋਣ ਤੇ ਕੂਕਾਂ ਵਿਚ ਚੁੱਪ ਹੋਵੇ। ਕੂੜ ਨਿਖੁਟੇ, ਓੜਕ ਸਚ ਦੀ ਜਿੱਤ ਹੋਵੇ, ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਹੋਵਨ।

## ਗੁਰਮੁਖੀ ਪ੍ਰੀਤ...ਨਹਿਰਾਂ

ਬਸ ਇਕ ਨਿੱਕੀ ਕਣੀ ਪ੍ਰੀਤ ਦੀ ਜਦ ਆਣ ਵੱਸੇ ਤਾਂ ਉਹ ਧੰਨ ਭਾਗਾ ਸਿੰਘ ਹੋਇਆ, ਓਹ ਸੁਹਾਗਣ ਸਿੰਘਣੀ ਹੋਈ।

**ਕਿਨਕਾ ਏਕ ਜਿਸੁ ਜੀਅ ਬਸਾਵੈ ॥**
**ਤਾ ਕੀ ਮਹਿਮਾ ਗਨੀ ਨ ਆਵੈ ॥ (ਗਉੜੀ ਸੁਖਮਨੀ ਮ. ੫, ਪੰਨਾ : ੨੬੨)**

ਇਨ੍ਹਾਂ ਪ੍ਰੀਤ ਵਾਲਿਆਂ ਦੇ ਗੁਰਮੁਖੀ ਜੀਵਨ ਮਨੁੱਖ-ਮਨ ਨੂੰ ਸਿੱਧਾ ਕਰਦੇ ਹਨ। ਮਨੁੱਖ-ਬੁਧੀ ਨੂੰ ਨਿਰੋਲ ਤੇ ਨਿਰਮਲ ਤੇ ਨਿਰਛਲ ਬਣਾਂਦੇ ਹਨ। ਸੰਸਾਰ ਵਿਚ ਅਰਸ਼ੀ ਚੀਜ਼ਾਂ ਦਾ ਵਾਧਾ ਕਰਦੇ ਹਨ। ਅਰਸ਼ੀ ਅਕਲਾਂ, ਅਰਸ਼ੀ ਸ਼ਕਲਾਂ, ਅਰਸ਼ੀ ਦਿਲ, ਅਰਸ਼ੀ ਦਿਮਾਗ਼ ਲੈ ਆਉਂਦੇ ਹਨ। ਇਹ ਗੁਰਮੁਖੀ ਜੀਵਨ ਉਹ ਨਹਿਰਾਂ ਹਨ, ਜਿਨ੍ਹਾਂ ਵਿਚ ਪ੍ਰੀਤ- ਜਲ ਅਰਸ਼ਾਂ ਥੀਂ ਵਗਦਾ ਹੈ ਤੇ ਪ੍ਰੀਤ-ਬੂਟੀਆਂ ਮੁਸ਼ਕ ਆਨ ਮਚਾਉਂਦੀਆਂ ਹਨ:

**ਵਾਹਗੁਰੂ ਚੰਬੇ ਦੀ ਬੂਟੀ ਮੇਰੇ ਮਨ ਵਿਚ ਸਤਗੁਰ ਲਾਈ ਹੂ।**
**ਆਬੇ ਹਯਾਤ ਦਾ ਪਾਣੀ ਮਿਲਿਆ ਨਹਿਰ ਅਰਸ਼ ਤੋਂ ਆਈ ਹੂ।**
**ਅੰਦਰ ਬੂਟੀ ਮੁਸ਼ਕ ਮਚਾਯਾ ਜਦ ਫੂਲਨ ਤੇ ਆਈ ਹੂ।**
**ਜੁਗ ਜੁਗ ਜੀਵੇ ਏ ਸਤਗੁਰ ਪਯਾਰਾ ਜਿਨ ਏਹ ਬੂਟੀ ਲਾਈ ਹੂ।**
**(ਅੱਖਰ ਬਦਲਣੇ ਦੀ ਮਾਫ਼ੀ- ਇਹ ਬਾਹੂ ਦੀ ਰਚਨਾ ਹੈ।)**

ਇਹ ਗੁਰਮੁਖੀ ਪ੍ਰੀਤ... ਨਹਿਰਾਂ ਹਨ। ਹਾਂ ਜੀ! ਗੁਰਮੁਖ ਲੋਕ ਅਲਾਹੀ ਸਾਈਂ, ਫ਼ਕੀਰ ਲੋਕ ਹਨ। ਸਤਿਗੁਰੂ ਨਾਨਕ- ਗੋਬਿੰਦ ਸਿੰਘ ਜੀ ਦੇ ਰਾਜ ਯੋਗੀ ਹਨ। ਹਾਂ ਜੀ! ਇਹੋ ਸੱਚੇ ਸਹਿਜ ਜੋਗੀ ਹਨ। ਇਹ ਗੁਰਮੁਖ ਸੰਤ ਸਤਿਗੁਰੂ ਨਾਨਕ- ਗੋਬਿੰਦ ਸਿੰਘ ਜੀ ਨਵੇਂ ਵਿਹੰਗਮੀ:

**ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ ॥**
**ਅਨਦਿਨੁ ਰਹਹਿ ਅਨੰਦਿ ਨਾਨਕ ਸਹਜਿ ਸਮਾਈਐ ॥੧੦॥**
**(ਵਾਰਾਂ ਤੇ ਵਧੀਕ ਮ.੫ , ਪੰਨਾ : ੧੪੨੨)**

ਗ੍ਰਿਹਸਥ ਵਿਚ ਅਤੀਤ ਲੋਕ ਹਨ। ਇਹ ਗੁਰਮੁਖ ਸੰਤ ਸਤਿਗੁਰੂ ਨਾਨਕ-ਗੋਬਿੰਦ ਸਿੰਘ ਜੀ ਦੇ ਨਵੇਂ ਖ਼ਾਲਸਾ ਪੰਥ ਦੇ ਦਰਸਾਨ ਵਾਲੇ ਹਨ। ਇਹ ਉਹ ਚੀਜ਼ਾਂ ਹਨ, ਜਿਨ੍ਹਾਂ ਵਾਸਤੇ ਲੋਕੀਂ ਸਦੀਆਂ ਭਰ ਤਰਸਦੇ ਰਹੇ; ਏਹ ਓਹ ਲੋਕ ਹਨ, ਜਿਨ੍ਹਾਂ ਦੇ ਬਣਨ ਵਾਸਤੇ ਇਤਨਾ

ਚਿਰ ਲੱਗਾ। ਕੌਮਾਂ ਦੀਆਂ ਕੌਮਾਂ ਭੰਨ ਭੰਨ ਫਿਰ ਬਣਾਈਆਂ। ਮਤ ਮਤਾਂਤਰ ਫੈਲੇ, ਦੀਨ ਦੁਨੀ ਦੇ ਅਨੇਕ ਰਸਤੇ ਰਿਵਾਜ ਚੱਲੇ। ਇਹ ਉਹ ਲੋਕੀਂ ਹਨ, ਜਿਨ੍ਹਾਂ ਦੇ ਦਰਸ਼ਨਾਂ ਵਾਸਤੇ ਪ੍ਰਿਥਵੀ ਇਤਨਾ ਚਿਰ ਸਹਿਕਦੀ ਰਹੀ; ਤਾਰੇ ਬਣ ਗਏ ਸਨ, ਸੂਰਜ ਬਣ ਗਏ ਸਨ, ਪ੍ਰਿਥਵੀ ਬਣ ਗਈ ਸੀ, ਘਾਹ ਹੋ ਪਏ ਸਨ, ਬੇਲ ਬੂਟੇ, ਫਲ ਫੁਲ, ਸਭ ਲੱਗ ਪਏ ਸਨ, ਬੰਦਰ ਤੇ ਜਾਨਵਰ ਬਣ ਚੁੱਕੇ ਸਨ। ਹੌਲੇ ਹੌਲੇ ਆਦਮੀ ਦੀ ਦੇਹ ਕੁਦਰਤ ਘੜਨ ਲੱਗੀ। ਕਈ ਵਾਰੀ ਘੜ ਘੜ ਬਣਾਈ ਤੇ ਫਿਰ ਕਈ ਪ੍ਰਕਾਰ ਦੀ ਬਣਾਈ। ਮਨੁੱਖਾ ਦੇਹ ਬਣ ਚੁੱਕੀ ਸੀ, ਤੇ ਫਿਰ ਇਸ ਦੇਹ ਨੇ ਕਈ ਦੁਖੜੇ ਸਹਾਰੇ। ਮੌਤ ਦੇ ਨਜ਼ਾਰਿਆਂ ਥੀਂ ਜਨਮ-ਜਨਮਾਂਤਰਾਂ ਹਾਰੀ ਫਿਰੀ, ਵੈਰਾਗ-ਤਿਆਗ ਦੇ ਕੂੜੇ ਉਪਾਵਾਂ ਦੇ ਪਿੱਛੇ ਭੱਜਦੀ ਰਹੀ। ਇਨ੍ਹਾਂ ਘਾਲਾਂ ਪਿੱਛੋਂ ਸਤਿਗੁਰੂ ਨਾਨਕ ਜੀ ਆਏ ਤੇ ਉਨ੍ਹਾਂ ਵੀ ਕਈ ਘਾਲਾਂ ਘਾਲ ਗੁਰਮੁਖ ਜੀਵਨ ਤਿਆਰ ਕੀਤਾ। ਹਾਂ ਜੀ! ਉਹ ਦੇਹ, ਉਹ ਅਮੋਲਕ ਮਨੁੱਖਾ ਦੇਹ, ਜਿਸ ਨੂੰ ਪੁਰਾਤਨ ਦੀਆਂ ਕੋਈ ਪਰਿਵਰਤਨ ਹੋਣ ਵਾਲੀਆਂ ਸੱਭਿਆਤਾਵਾਂ ਨੇ ਰੂੜੀ ਉਪਰ ਸੁੱਟ ਪਾਇਆ ਸੀ, ਉਸ ਨੂੰ ਸਨਮਾਨਿਆ। ਉਹ ਮਨੁੱਖਾ ਦੇਹ ਜਿਹੜੀ ਮੌਤ ਦੇ ਡਰ ਨਾਲ ਮੌਤ ਥੀਂ ਪਹਿਲੇ ਹੀ ਮਾਰ ਦਿੱਤੀ ਸੀ; ਮੌਤ ਨੂੰ ਭਸਮ ਕਰਕੇ ਉਸ ਉਪਰ ਜਿੱਤ ਦੀ ਖ਼ੁਸ਼ੀ ਵਿਚ ਨਚਾਈ। ਪੁਰਾਣੀਆਂ ਸਭ ਬਾਤਾਂ ਰੱਦੀ ਕਰ ਦਿੱਤੀਆਂ। ਇਕ ਨਵੀਂ ਬਾਤ ਦਾ ਆਦਿ ਕੀਤਾ। ਹਾਂ ਜੀ! ਪੂਰਬ, ਪੱਛਮ, ਉੱਤਰ, ਦੱਖਣ ਵਿਚ ਆਦਿ ਕੀਤਾ। ਜੇ ਹਾਲੇ ਇਸ ਨਵੀਂ ਗੁਰੂ ਨਾਨਕ-ਗੋਬਿੰਦ ਸਿੰਘ ਸੱਭਿਅਤਾ ਦਾ ਲੋਕਾਂ ਨੂੰ ਪਤਾ ਨਹੀਂ ਲੱਗਾ ਤਾਂ ਕੀ ਹੋਇਆ? ਜੇ ਹਾਲੇ ਸਿਖ ਨਾਮ ਵਾਲਿਆਂ ਨੂੰ ਵੀ ਖ਼ਬਰ ਨਹੀਂ ਤਾਂ ਕੀ ਹੋਇਆ? ਹੁਣੇ ਲੱਗ ਜਾਸੀ। ਆਪਣੀ ਗਉਂ ਨੂੰ ਲੱਗ ਜਾਸੀ। ਉਹ ਸਾਹਮਣੇ ਤਕੋ ਨਾ। ਸਾਰਾ ਜਗਤ ਨਾਨਕ-ਗੋਬਿੰਦ ਸਿੰਘ ਸੱਭਿਅਤਾ ਨੂੰ ਲੋੜਦਾ ਹੈ।

ਉਹ ਨਾਨਕ ਨਿਰੰਕਾਰੀ ਦੇ ਸ਼ਰਨ ਆਏ। ਉਹ ਤੱਕੋ ਨਾ! ਕਲਗ਼ੀਆਂ ਵਾਲੇ ਦੇ ਅਕਾਲੀ ਝੰਡੇ ਤਲੇ ਕੌਣ ਆਏ? ਹਾਂ ਜੀ! ਲੋਕ ਪਰਲੋਕ ਦੇ ਸਾਰੇ ਆਏ। ਹਾਂ ਜੀ! ਉਹ ਪ੍ਰੀਤ ਦੀ ਭੁੱਖੀ ਸਿੱਖੀ ਨੂੰ ਤਰਸਦੀ ਸਾਰੀ ਲੁਕਾਈ ਦੌੜੀ ਦੌੜੀ ਆਈ।

ਸਤਿਗੁਰੂ ਨਾਨਕ ਜੀ ਨੇ ਗੁਰਮੁਖੀ ਜੀਵਨ ਬਣਾ ਕੇ ਅਰਸ਼ ਤੇ ਫ਼ਰਸ਼ ਦਾ ਫ਼ਰਕ ਮਿਟਾਇਆ, ਸਰੀਰ-ਆਤਮਾ ਦੇ ਭੇਦ ਉਡਾਏ, ਮਨੁੱਖਾ ਦੇਹ ਨੂੰ ਆਪਣੀ ਪ੍ਰੀਤ ਦਾ ਮੰਦਿਰ ਬਣਾ ਨਿਵਾਜਿਆ; ਮੰਦਿਰ ਆਪਣੇ ਵਿਚ ਤੇ ਆਪ ਨੂੰ ਮੰਦਿਰ ਵਿਚ ਸਜਾਇਆ। ਧੰਨ ਮੇਰੇ ਸਤਿਗੁਰ ਪਰਉਪਕਾਰੀ ਜੀਉ।

**ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ ॥**
**ਨਾਨਕ ਲੇਹੁ ਮਿਲਾਇ ਮੈ ਜਾਚਿਕ ਦੀਜੈ ਨਾਮੁ ਹਰਿ ॥੧੩॥**
**(ਵਾਰਾਂ ਤੇ ਵਧੀਕ ਮ. ੪, ਪੰਨਾ : ੧੪੨੨)**

ਜਿਸ ਗੱਲ ਦੀ ਥਾਂ ਆਸਾਂ ਤ੍ਰਿਸ਼ਨਾਂ ਵਿਚ ਲੋਕੀਂ ਮਨੁੱਖਾ ਦੇਹ ਨੂੰ ਮਾਰ ਮਾਰ, ਸਾੜ ਸਾੜ, ਚੀਰ ਚੀਰ, ਨਪੀੜ ਨਪੀੜ ਮੋਏ, ਉਹ ਸੱਚ ਦੀ ਲੋਅ, ਉਧਰ ਦੀ ਜੋਤ, ਉਹ ਸੱਚਖੰਡੀ ਸਵਾਸ ਰਸ, ਮਾਤ ਲੋਕੀ ਜੀਵਨ ਵਿਚ ਇਥੇ ਹੀ ਭਰ ਦਿੱਤਾ। ਉਰੇ ਨੂੰ ਪਰੇ ਕਰ ਦਿੱਤਾ, ਪਰੇ ਨੂੰ ਉਰੇ ਕਰ ਦਿੱਤਾ। ਦੂਰ ਨੂੰ ਨੇੜੇ ਕਰ ਦਿੱਤਾ, ਨੇੜੇ ਨੂੰ ਦੂਰ ਕਰ ਦਿੱਤਾ। ਮੈਨੂੰ 'ਤੂੰ' ਹਾਂ ਜੀ 'ਆਪ' ਕਰ ਦਿੱਤਾ, ਤੇ 'ਆਪ' ਨੂੰ 'ਮੈਂ' 'ਮੇਰੀ' ਕਰ ਦਿੱਤਾ। ਮੌਤ ਫ਼ੌਤ ਉਡਾ ਦਿੱਤੀ। ਕੇਹੇ ਨਕਦ ਗੱਫੇ ਆਣ ਵਰਤਾਏ।

ਉਹ ਜੀਵਨ ਜਿਸ ਨੂੰ ਦੂਰ ਥੀਂ ਦੱਸਣ ਵਾਸਤੇ ਮਨੁੱਖਾ ਜੀਵਨ ਦੀ ਜੜ੍ਹ ਪੁੱਟ ਦਿੱਤੀ, ਹਠ ਯੋਗ ਕਰਾ ਕਰਾ ਸਾੜ ਸੁੱਟੀ, ਬਿੰਦ ਰਖਾ ਰਖਾ ਅਨੰਤ ਨਏ ਪਾਪਾਂ ਦਾ ਆਦਿ ਕੀਤਾ, ਮਰਦਾਂ ਥੀਂ ਅਮਰਦ ਬਣਾ ਘੱਤੇ। ਰੱਬ ਨੇ ਕੰਨ ਦਿੱਤੇ, ਇਨ੍ਹਾਂ ਪੜਵਾ ਦਿੱਤੇ; ਰੱਬ ਨੇ ਕੇਸ ਦਿੱਤੇ, ਇਨ੍ਹਾਂ ਮੁਨਵਾ ਦਿੱਤੇ; ਰੱਬ ਨੇ ਰਸਨਾ ਦਿੱਤੀ, ਇਨ੍ਹਾਂ ਮੌਨ ਕਰਾ ਦਿੱਤੀ; ਰੱਬ ਨੇ ਸਰੀਰ ਦਿੱਤਾ, ਇਨ੍ਹਾਂ ਖਾਕ ਰੁਲਾਇਆ; ਰੱਬ ਨੇ ਸਾਰਾ ਸੰਸਾਰ ਦਿੱਤਾ, ਇਤਨੇ ਰਸ ਦਿੱਤੇ, ਫਲ, ਫੁੱਲ ਦਿੱਤੇ; ਇਨ੍ਹਾਂ ਨੇ ਕੂੜੇ ਤਿਆਗਾਂ ਨਾਲ ਮਨੁੱਖ ਕੋਲੋਂ ਸਭ ਖੋਹ ਲਏ। ਮੈਨੂੰ ਮੁੜ ਮੁੜ ਹੱਸੀ ਆਉਂਦੀ ਹੈ, ਜਦ ਮੈਂ ਦੇਖਦਾ ਹਾਂ ਕਿ ਬੁੱਧ ਤੇ ਈਸਾ ਤੇ ਸ਼ੰਕਰ ਦੇ ਬਿੰਦਰਖ ਸੰਗਤੀਆਂ ਨੇ ਆਪਣੇ ਪੀਰਾਂ ਕੋਲੋਂ ਖ਼ੂਬ ਬਦਲੇ ਲਏ। ਇਨ੍ਹਾਂ ਜਤੀਆ ਸੰਗਤ ਨੇ ਉਹ ਪਾਪ ਚਲਾਏ, ਜਿਨ੍ਹਾਂ ਦਾ ਨਾਮ ਸੁਣ ਸਾਧਾਰਨ ਆਦਮੀ ਕੰਬ ਉਠੇ। "ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥" (ਆਸਾ ਦੀ ਵਾਰ, ਪੰਨਾ : ੪੬੯) ਯੋਗੀਆਂ ਨੇ ਪਾਪ ਦੀ ਜੜ੍ਹ ਮਨੁੱਖਾ ਦੇਹੀ ਹੀ ਕਾਟ ਕੂਟ ਪਰੇ ਡਾਰੀ। ਸਦੀਆਂ ਦੇ ਸਮਾਂ ਧੜੇ ਲੱਗ ਗਏ, ਧਿਆਨ ਵਿਚ ਜੁੜੇ ਹੋਏ ਵੇਹਲ (ਸੁੰਨ) ਦਾ ਧਿਆਨ ਕੀਤਾ; ਖੁੱਲ੍ਹ ਦਾ ਧਿਆਨ ਹੋਇਆ। ਸੰਨਿਆਸੀਆਂ ਨੇ ਕੇਸ ਮੁੰਨੇ ਤੇ ਗੋਰਖੀ ਜੋਗੀਆਂ ਨੇ ਦੇਹੀ ਹੀ ਸਾਰੀ ਮੁੰਨ ਮੰਨ ਸਫ਼ਾ ਚੱਟ ਕੀਤੀ। ਭਾਈ! ਸੁੱਧ ਪਵਿੱਤਰ ਬ੍ਰਹਮ ਜੁ ਬਣਨਾ ਹੋਇਆ। ਏਹ ਤਾਂ ਮਲ ਮੂਤਰ ਦੀ ਲੋਥ ਹੋਈ। ਰੱਬੀ ਜੀਵਨ ਦੀਆਂ ਉਮੀਦਾਂ ਵਿਚ ਇਨ੍ਹਾਂ ਨੇ ਸਾਧਾਰਨ ਮਨੁੱਖੀ ਜੀਵਨ ਵੀ ਤਬਾਹ ਕਰ ਦਿੱਤਾ। ਮੌਤ ਦੇ ਸਿਮਰਨ ਵਿਚ ਲੋਕੀਂ ਬੰਨ੍ਹ ਦਿੱਤੇ। ਨਿਰਬਲਤਾ ਦਾ ਨਾਮ ਸਤੋਗੁਣ ਰੱਖਿਆ। ਇੰਦਰੀਆਂ ਨੂੰ ਮਾਰ ਮੁਕਾਣ ਦਾ ਨਾਮ ਪੁੰਨ ਰੱਖਿਆ। ਏਹ ਤਾਂ ਮਨੁੱਖਾ ਦੇਹੀ ਦਾ ਹਾਲ ਦੀਨ ਵਾਲਿਆਂ ਨੇ ਕੀਤਾ। ਗੰਦੀਆਂ ਲੀਰਾਂ ਵਿਚ ਲਪੇਟਿਆਂ ਗੰਦੇ ਪਾਣੀ ਛਕਾਏ, ਧੂੜਾਂ ਵਿਚ ਰੁਲਾਇਆ, ਮੈਲੇ ਨਾਲ ਭਰ ਭਰੀਕੇ ਪਵਿੱਤਰਤਾ ਦਾ ਸਬੂਤ ਦਿੱਤਾ। ਦੁਨੀ ਵਾਲੇ ਜਿਹੜੇ ਇਸ ਦਾ ਹਾਲ ਕਰਦੇ ਹਨ, ਉਹ ਤਾਂ ਇਥੇ ਦੱਸਣ ਦੀ ਲੋੜ ਨਹੀਂ; ਹਰ ਕਿਸੇ ਨੂੰ ਪਤਾ ਹੀ ਹੈ। ਵਿਸ਼ੇ-ਵਿਕਾਰਾਂ ਵਿਚ ਖ਼ਰਾਬ ਕੀਤਾ, ਖਾ ਖਾ ਕੇ ਡਾਕਿਆ, ਕਾਮ, ਕ੍ਰੋਧ, ਲੋਭ, ਮੋਹ ਦੀਆਂ ਅੱਗਾਂ ਸਾੜ ਸਾੜ ਮਨੂਰ ਕੀਤਾ। ਦੁਨੀ ਵਾਲੇ ਗਏ ਦੀਨ ਵਾਲਿਆਂ ਕੋਲ ਆਪਣੇ ਪਾਪਾਂ ਥੀਂ ਬਚਣ ਵਾਸਤੇ ਤੇ ਦੀਨ ਵਾਲਿਆਂ ਨੇ ਕੜਾਹੀ ਵਿੱਚੋਂ ਕੱਢ ਵੱਡੇ ਕੜਾਹੇ ਤੱਤੇ ਤੇਲ ਵਿਚ ਪਾਇਆ।

ਹਾਂ ਜੀ! ਇਸ ਮਨੁੱਖਾ ਦੇਹੀ ਨੂੰ ਸਤਿਗੁਰੂ ਨਾਨਕ ਜੀ ਨੇ ਆਣ ਨਿਵਾਜ਼ਿਆ:

**ਮੇਰਾ ਦੋਹਾਂ ਤਲਵਾਰਾਂ ਵਾਲਾ ਸਤਿਗੁਰੂ ਆਇਆ,**
**ਇਕ ਮਾਰੀ ਦੀਨ ਨੂੰ,**
**ਦੂਜੀ ਚਲਾਈ ਦੁਨੀ ਨੂੰ**
**ਤੇ ਮਨੁੱਖ ਦੇਹ ਨੂੰ ਬਚਾ ਲਿਆ।**

ਮਨੁੱਖਾ ਦੇਹੀ ਨੂੰ ਦੁਰਲੱਭ ਦੱਸਿਆ, ਤੇ ਹੁਕਮ ਕੀਤਾ ਕਿ ਨਾ ਇਹਨੂੰ ਦੁਨੀਆ ਦੀਆਂ ਕੂੜੀਆਂ ਪ੍ਰੀਤਾਂ ਵਿਚ ਤੇ ਨਾ ਦੀਨ ਦੀਆਂ ਕੂੜੀਆਂ ਰੀਤਾਂ ਵਿਚ ਨਸ਼ਟ ਕਰੋ। ਦੀਨ ਦੁਨੀ ਦੁਹਾਂ ਥੀਂ ਛੁੜਾ ਮਨੁੱਖ ਨੂੰ ਆਪਣੇ ਖ਼ਾਲਸ ਰੂਪ ਵਿਚ ਖ਼ਾਲਸਾ ਸਜਾਇਆ। ਅਦਭੁਤ ਪ੍ਰੀਤ ਮੂਰਤ ਬਣਾਈ, ਦੀਨ ਦੇ ਸਦੀਆਂ ਦੇ ਕੁੱਠਿਆਂ ਨੂੰ ਅੰਮ੍ਰਿਤ ਦਾਨ ਦੇ ਜੁਆਲਿਆ। ਹਾਂ ਜੀ! ਨਗਾਰੇ ਦੀ ਚੋਟ ਹੁਕਮ ਹੋਇਆ ਕਿ ਜਿਊਂਦਿਆਂ ਨੂੰ ਦੜੇ ਦੀਨ ਦੁਨੀ ਦੁਹਾਂ ਦੀ ਲੋੜ ਨਹੀਂ, ਖ਼ਾਲਸਾ ਖੁਲਾਸਾ ਰੱਖਿਆ।

ਹਾਂ ਜੀ! ਤੱਕੋ ਨਾ ਬ੍ਰਿਛ ਬੂਟੇ, ਨਦੀ, ਪਹਾੜ, ਨਾ ਈਸਾਈ, ਨਾ ਮੂਸਾਈ, ਨਾ ਹਿੰਦੂ, ਨਾ ਮੁਸਲਮਾਨ, ਨਾ ਦੀਨਦਾਰ, ਨਾ ਕਾਫ਼ਰ; ਆਪਣੇ ਰੱਬੀ ਚਿੰਨ੍ਹਾਂ ਵਿਚ ਸਜੇ ਖੜੋਤੇ ਹਨ। ਆਦਮੀ ਨੇ ਕੀ ਕਸੂਰ ਕੀਤਾ ਹੈ, ਜੋ ਲੋਹੇ ਤਪਾ ਤਪਾ ਦੀਨ ਨੇ ਇਸਦੇ ਸਿਰਾਂ, ਮੱਥਿਆਂ, ਬਾਹਾਂ, ਨੱਕਾਂ, ਕੰਨਾਂ ਤੇ ਸਥਲਿਆਂ 'ਤੇ ਮੋਹਰਾਂ ਲਾ ਦਿੱਤੀਆਂ।

ਸਤਿਗੁਰੂ ਨੇ ਹੁਕਮ ਕੀਤਾ, ਇਹ ਦੇਹ ਰੱਬੀ ਹੱਥਾਂ ਨਾਲ ਸਜੀ ਹੈ; ਕੋਈ ਚਿੰਨ੍ਹ ਨਾ ਲਾਓ। ਜੋ ਜੋ ਰੱਬੀ ਦਾਤ ਹੈ, ਉਸ ਨੂੰ ਸੰਵਾਰ ਕੇ ਰੱਖੋ, ਸਜਾ ਕੇ ਰੱਖੋ। ਹਾਂ ਜੀ! ਖ਼ੂਬ ਸਜਾ ਕੇ ਰੱਖੋ, ਬਣਾ ਤਣਾ ਕੇ ਰੱਖੋ। ਜਿਹੜੀ ਚੀਜ਼ ਪ੍ਰੀਤਮ ਜੀ ਦੀ ਹੋਵੇ, ਉਹਨੂੰ ਕਿਉਂ ਮਾੜਾ-ਮਾੜਾ ਆਖ ਨਿਰਾਦਰ ਕਰਨਾ ਤੇ ਖਵਾਰ ਕਰਨਾ। ਹੁਕਮ ਹੋਇਆ - ਸਿੰਘਾਂ ਦੇ ਸਰੀਰ ਸਦਾ ਸਜੇ, ਰੱਜੇ, ਕੱਜੇ ਰਹਿਣ। ਹਾਂ ਜੀ!

ਇਸ ਗੁਰਮੁਖ ਦੇਹ ਨੂੰ ਸਤਿਗੁਰੂ ਜੀ ਨੇ ਆਪ ਦਸ ਵੇਰੀ ਧਾਰਨ ਕਰਕੇ ਸਦਾ ਲਈ ਨਿਵਾਜ ਦਿੱਤਾ। ਮੈਨੂੰ ਇਹ ਦੇਹ ਪਿਆਰ ਲੱਗਦੀ ਹੈ। ਹਾਂ ਜੀ! ਅੰਗ ਅੰਗ ਪਿਆਰਾ ਲੱਗਦਾ ਹੈ। ਹਾਂ ਜੀ! ਅੰਗ ਅੰਗ ਪੋਟਾ ਪੋਟਾ ਹਰੀਮੰਦਿਰ ਦੀਆਂ ਸੰਗਮਰਮਰ ਦੀਆਂ ਪਉੜੀਆਂ ਤੇ ਫ਼ਰਸ਼ ਦਿੱਸਦੇ ਹਨ। ਮੱਥਾ ਟੇਕਣ ’ਤੇ ਸਦਾ ਜੀ ਕਰਦਾ ਹੈ। ਇਹ ਉਹ ਦੇਹ ਹੈ, ਜਿਹਨੂੰ ਮੇਰੇ ਬਾਬੇ ਨੇ ਦਸ ਵੇਰੀ ਧਾਰਨ ਕੀਤਾ। ਹਾਂ ਜੀ! ਇਹ ਉਹ ਦੇਹ ਹੈ, ਜਿਥੇ ਬਾਬਾ ਜੀ, ਹਾਂ ਜੀ! ਕਲਗ਼ੀਆਂ ਵਾਲੇ ਫੇਰਾ ਪਾ ਪਾ ਆਪਣੀਆਂ ਗੁਰਮੁਖੀ ਸੰਗਤਾਂ, ਭਗਤਾਂ ਨੂੰ ਲੂੰ ਲੂੰ ਹੁਣ ਵੀ ਆਪ ਨਿਹਾਲ ਕਰਦੇ ਹਨ। **“ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥” (ਭੈਰਉ ਕਬੀਰ ਜੀ, ਪੰਨਾ : ੧੧੫੯) ਮਨੁੱਖਾ ਦੇਹੀ ਸੋਹਣੀ ਕਰ ਦਿੱਤੀ। “ਹਰਿ ਮੰਦਰੁ ਏਹੁ ਸਰੀਰੁ ਹੈ...॥ (ਪ੍ਰਭਾਤੀ ਮਹਲਾ ੩ , ਪੰਨਾ ੧੩੪੬) ਦੁਨੀਆ ਸੰਵਾਰ ਦਿੱਤੀ, ਅੰਨ ਵਿਚ ਸੁਆਦ ਭਰ ਦਿੱਤਾ। “ਜਪੀਐ ਨਾਮੁ ਅੰਨ ਕੈ ਸਾਦਿ॥” (ਗੋਂਡ ਕਬੀਰ ਜੀ, ਪੰਨਾ : ੮੭੩)** ਜਲ ਵਿਚ ਰਸ ਭਰ ਦਿੱਤਾ, ਸਰੀਰ ਦੀਆਂ ਸਾਰੀਆਂ ਕਿਰਿਆਵਾਂ ਪਵਿੱਤਰ ਕਰ ਦਿੱਤੀਆਂ। ਗ੍ਰਿਹਸਤੀਆਂ, ਹਾਂ! ਨਿਰਬਾਣ ਗ੍ਰਿਹਸਤੀਆਂ ਦੀਆਂ ਝੋਲੀਆਂ ਦੁੱਧਾਂ ਪੁੱਤਰਾਂ ਨਾਲ ਭਰ ਦਿੱਤੀਆਂ; ਰਾਜ ਭਾਗ ਬਖ਼ਸ਼ੇ, ਅਟੱਲ ਸੁਹਾਗ ਬਖ਼ਸ਼ੇ। ਦੁਨੀਆ ਇਉਂ ਸੰਵਾਰੀ ਤੇ ਅੰਦਰਲੇ ਮਨੁੱਖ ਨੂੰ ਉਹ ਮਨੁੱਖ ਜਿਹੜਾ ਦਿੱਸਦਾ ਨਹੀਂ, ਉਸ ਨੂੰ ਦੁਨੀ ਦੀਨ ਦੋਹਾਂ ਦੇ ਕੂੜੇ ਲਾਲਚਾਂ, ਖਿੱਚਾਂ ਮੋਹਾਂ ਥੀਂ ਕੱਢ ਆਪਣੀ ਸੁਰਤ ਦੁਆਰਾ ਆਪਣੇ ਚਰਨਾਂ ਨਾਲ ਖਿੱਚ ਬੱਧਾ। ਹੁਣ ਇਹੋ ਜਿਹੀਆਂ ਗੰਢਾਂ ਪਈਆਂ, ਜਿਨ੍ਹਾਂ ਦੇ ਜੋੜ ਧੁਰੀਂ ਜਾ ਲੱਗੇ:

**ਮੂ ਲਾਲਨ ਸਿਉ ਪ੍ਰੀਤਿ ਬਨੀ॥**
**ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥**
**(ਬਿਲਾਵਲ ਮ. ੫, ਪੰਨਾ : ੮੨੭)**

ਦੀਨ-ਦੁਨੀਆ ਦੋਹਾਂ ਨੂੰ ਉਡਾ ਕੇ ਸਤਿਸੰਗ ਰਚਿਆ। ਸਤਿਸੰਗ ਵਿਚ ਸੱਚਖੰਡ ਰਚਿਆ, ਸੱਚਖੰਡ ਵਿਚ ਆਪ ਸਦਾ ਲਈ ਬਿਰਾਜਮਾਨ ਹੋਏ। ਸੱਚਖੰਡ ਉਹਾ ਹੀ ਜਿਥੇ ਸਤਿਗੁਰ ਹੋਵਨ, ਪਦਾਰਥਕ ‘ਦੂਰ ਨੇੜੇ’ ਦੂਰ ਹੋਏ, ਪਦਾਰਥਕ ‘ਦਿਨ ਰਾਤ’ ਕਾਫ਼ੂਰ ਹੋਏ। ਇਕ ਨਾਨਕ-ਨੂਰ ਹੀ ਨੂਰ ਨਾਲ ਤਨ, ਮਨ, ਅੰਨ, ਧਨ ਜੀ ਜਾਨ ਨਾਲ ਜਹਾਨ ਭਰਪੂਰ ਹੋਏ।

**ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ॥**
**ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥**
**(ਚਉਬੋਲੇ ਮਹਲਾ ੫, ਪੰਨਾ : ੧੩੬੪)**

## ਨਾਨਕ-ਨੂਰੀ ਅੰਨ ਅਥਵਾ ਸਤਿਗੁਰਾਂ ਦਾ ਇਲਾਹੀ ਲੰਗਰ

ਸਤਿਗੁਰੂ ਨੇ ਖ਼ਾਲਸੇ ਨੂੰ ਆਪਣੇ ਲੰਗਰ ਦਾ ਪ੍ਰਸ਼ਾਦ ਛਕਾ ਛਕਾ ਕੇ ਪਾਲਿਆ, ਤੇ ਕਲਗ਼ੀਆਂ ਵਾਲੇ ਪ੍ਰੀਤਮ ਜੀ ਨੇ ਜਦ ਆਪਣਾ ਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਘਰ ਘਰ ਵਸਾਇਆ, ਤਦ ਆਪਣਾ ਲੰਗਰ ਵੀ ਹਰ ਸਿੰਘ ਦੇ ਘਰ ਘਰ ਦੇ ਲੰਗਰ ਵਿਚ ਚਲਾਇਆ। ਹਰ ਇਕ ਗੁਰੂ ਦੇ ਲਾਲ ਪਿਆਰੇ ਸਿੰਘ ਦਾ ਲੰਗਰ ਸਤਿਗੁਰਾਂ ਦਾ ਲੰਗਰ ਹੈ। ਹਾਂ ਜੀ! ਜਿਸ ਸਿੰਘ ਦਾ ਲੰਗਰ ਸਤਿਗੁਰ ਦਾ ਲੰਗਰ ਨਹੀਂ, ਉਹ ਕਲਗ਼ੀਆਂ ਵਾਲੇ ਦਾ ਸਿੰਘ ਨਹੀਂ। ਕੋਈ ਗਿੱਦੜ ਜੜਾ ਜੋਗੀ, ਜਪੀ, ਤਪੀ, ਦੁਨੀਆਦਾਰ, ਤਿਆਗੀ ਪੁਰਾਣੀਆਂ ਕੁਰੀਤਾਂ ਵਿਚ ਫਸਿਆ ਮਨੁੱਖ ਹੋਸੀ। ਉਸ ਨਾਲ ਮੈਨੂੰ ਕੀ, ਨਾਮਾਂ ਦਾ ਕੀ ਤੇ ਸ੍ਵਾਂਗਾਂ ਦਾ ਕੀ?

ਸਤਿਗੁਰ ਦੇ ਸਿੰਘ ਤਾਂ ਉਨ੍ਹਾਂ ਦੇ ਅਟੱਲ ਲੰਗਰ ਦੇ ਹੱਥ ਬੱਧੇ ਟਹਲੀਏ ਹਨ। ਉਹ ਤਾਂ ਉਦਾਰ ਚਿੱਤ ਜਵਾਨ ਗੱਭਰੂ ਲੰਗਰ ਦੀ ਸੇਵਾ ਦੇ ਸਰਦਾਰ ਹਨ। ਹਾਂ ਜੀ! ਮੇਰੇ ਬਾਬਾ ਜੀ ਆਪਣੇ ਸਿਖ ਦੇ ਲੰਗਰ ਵਿਚ ਹੁਣ ਵੀ ਆਉਂਦੇ ਹਨ ਤੇ ਆਪਣੇ ਭਗਤਾਂ-ਸੰਗਤਾਂ ਵਾਸਤੇ ਦੋਏ ਵੇਲੇ ਐਟ ਹੋਮ (At home) ਜ਼ਿਆਫ਼ਤ ਪ੍ਰੀਤੀ ਭੋਜਨ ਜਾਂ ‘ਗੁਰਮੁਖਾਂ ਦੇ ਪ੍ਰਸਾਦਿ’ ਹੋਂਵਦੇ ਹਨ। ਉਹ ਲੰਗਰ ਕੇਹਾ ਚੰਗਾ ਜਿਥੇ ਸਤਿਗੁਰ ਆਣ ਆਪਣੀ ਹੱਥੀਂ ਭੋਜਨ ਛਕਾਉਣ!! ਸਿੱਖਾਂ ਦਾ ਸਭ ਥੀਂ ਪਹਿਲਾ ਮੰਦਿਰ ਸਤਿਗੁਰੂ ਨੇ ਆਪਣੇ ਲੰਗਰ ਵਿਚ ਬਣਾਇਆ। ਦੂਜਾ ਬਣਿਆ ਹਰੀਮੰਦਿਰ। ਹਾਂ ਜੀ! ਇਕ ਹੋਰ ਬਣਿਆ ਦਿਲ ਦੇ ਅੰਦਰ। ਮਨੁੱਖਾ ਦੇਹੀ ਹਰੀਮੰਦਿਰ ਵਿਚ, ਹਰੀਮੰਦਿਰ ਮਨੁੱਖਾ ਦੇਹੀ ਵਿਚ। ਕਈ ਕੌਤਕ ਰਚੇ। ਇਸ ਮੰਦਿਰ ਵਿਚ ਆ ਕੇ ਮਹਾਰਾਜ ਜੀ ਆਪਣੀ ਹੱਥੀਂ ਪ੍ਰਸ਼ਾਦ ਛਕਾਉਂਦੇ ਹਨ।

ਬਾਣੀ ਪੜ੍ਹਦੇ ਪੜ੍ਹਦੇ ਲੰਗਰ ਤਿਆਰ ਹੁੰਦਾ ਹੈ। ਸਤਿਗੁਰੂ ਆਉਂਦੇ ਹਨ, ਪ੍ਰਸ਼ਾਦ ਪਾਉਂਦੇ ਹਨ ਤੇ ਸੀਤ ਪ੍ਰਸ਼ਾਦ ਸਭ ਸੰਗਤਾਂ ਛਕਦੀਆਂ ਹਨ। ਸਤਿਗੁਰੂ ਦੇ ਲੰਗਰ ਦੀ ਸੇਵਾ ਉਹ ਪੂਜਾ ਹੈ, ਜਿਸ ਵਿਚ ਰੱਬ ਆਪ ਆ ਕੇ ਭਗਤ ਨਾਲ ਗੱਲਾਂ ਬਾਤਾਂ ਕਰਦਾ ਹੈ। ਉਹ ਰੱਬ ਨੂੰ ਭੋਗ ਲਗਾਉਂਦਾ ਹੈ ਤੇ ਭਗਤ ਰੱਬ ਨੂੰ ਛਕਾਉਂਦਾ ਹੈ। ਹਾਂ ਜੀ! ਧੰਨੇ ਭਗਤ ਨੇ ਬਾਬੇ ਨੂੰ ਦੁੱਧ ਜ਼ਰੂਰ ਛਕਾਇਆ ਸੀ। ਹਾਂ ਜੀ! ਮੀਰਾਂ ਬਾਈ ਬਾਬੇ ਨਾਲ ਜ਼ਰੂਰ ਗੇਂਦ ਖੇਡੀ ਸੀ। ਹਾਂ ਜੀ! ਨਾਮੇ ਦੀ ਮੋਈ ਗਊ ਬਾਬੇ ਜ਼ਰੂਰ ਜੁਆਲੀ ਸੀ। ਹਾਂ ਜੀ! ਸਤਿਗੁਰ ਨੇ ਭੋਜਨ ਛਕਣ ਛਕਾਣ ਨੂੰ ਆਪਣੀ ਪ੍ਰੀਤ ਦਾ ਰੁਤਬਾ ਬਖ਼ਸ਼ਿਆ। ਸਤਿਗੁਰੂ ਦੇ ਲੰਗਰ ਦਾ ਇਕ ਇਕ ਭੋਰਾ ਪ੍ਰੀਤ ਦੇ ਤੂਫ਼ਾਨੀ ਨੂਰ ਵਿਚ ਗੁੰਦਿਆ ਹੁੰਦਾ ਹੈ।

ਸਿੰਘਾਂ ਦਾ ਡਾਢਾ ਹੀ ਉੱਚਾ ਸਿਤਾਰਾ ਹੈ। ਸੁੱਕੇ ਟੁਕੜੇ ਜੇ ਮਿਲਣ ਤਾਂ ਉਹਨਾਂ ਵਿਚ ਵੀ ਰੱਬੀ ਰਸ ਭਰਦਾ ਹੈ ਤੇ ਇਹ ਪ੍ਰੀਤ ਪਾਨ ਕਰ ਜਿਊਂਦੇ ਹਨ। ਬਾਬੇ ਦੇ ਲੰਗਰ ਵਿਚ ਜਾਤ ਪਾਤ ਦੀ ਧੋਬੀਆਂ ਵਾਲੀ ਬਾਵਲੀ ਛੂੰ ਛੀਂ ਨਹੀਂ, ਪਰ ਇਹ ਲੰਗਰ ਆਮ ਦ੍ਰਿਸ਼ਟੀ ਥੀਂ ਛਪਨ ਲੰਗਰ ਹੈ। ਇਹ ਬਾਦਸ਼ਾਹ ਦਾ ਲੰਗਰ ਹੈ। ਇਥੇ ਲੰਡੀ ਬੁੱਚੀ ਪਰ ਨਹੀਂ ਮਾਰ ਸਕਦੀ। ਇਹ ਫ਼ਕੀਰਾਂ, ਪੀਰਾਂ, ਮੀਰਾਂ ਦਾ ਲੰਗਰ ਹੈ, ਜਿਸ ਦੇ ਦਰਵਾਜ਼ੇ ’ਤੇ ਸ਼ੇਰ ਪਹਿਰਾ ਦੇਂਦੇ ਹਨ। ਇਸ ਲੰਗਰ ਵਿਚ ਖੰਡਾ ਲਿਸ਼ਕਦਾ ਹੈ। ਇਹ ਡਾਢਿਆਂ ਦਾ ਲੰਗਰ ਹੈ। ਇਥੇ ਜ਼ੋਰ ਵਾਲੇ ਤੇ ਡਾਢੇ ਪ੍ਰਸ਼ਾਦ ਛਕਦੇ ਹਨ। ਗੁਰੂ ਕੇ ਸਿੰਘ, ਤਿਆਰ-ਬਰ-ਤਿਆਰ ਕਮਰ ਕੱਸੇ ਸਿਪਾਹੀ ਹਨ। ਅੰਨ, ਮਨ, ਤਨ ਦੇ ਫ਼ਿਕਰ ਇਨ੍ਹਾਂ ਇਲਾਹੀ ਲੋਕਾਂ ਦੇ ਫ਼ਿਕਰ ਨਹੀਂ। ਇਨ੍ਹਾਂ ਦੇ ਭੋਜਨ ਦੇ ਥਾਲ ਤਾਂ ਧੁਰ ਥੀਂ ਆਉਂਦੇ ਹਨ। ਆਟਾ ਇਨ੍ਹਾਂ ਦਾ ਧੁਰ ਉਪਰ ਧੁੰਧ ਮੰਡਲਾਂ ਦੀਆਂ ਨੂਰੀ ਚੱਕੀਆਂ ਵਿਚ ਪੀਸਿਆ ਜਾਂਦਾ ਹੈ। ਸਤਿਸੰਗੀ ਸੱਚਖੰਡ ਥੀਂ ਆਟਾ ਚੁੱਕ ਕੇ ਗੁਰੂ ਆਗਿਆ ਅਨੁਸਾਰ ਗੁਰੂ ਲੰਗਰਾਂ ਵਿਚ ਪਹੁੰਚਾਂਦੇ ਹਨ। ਸਤਿਸੰਗੀ ਨੂਰ ਨਾਲ ਭਰੇ ਜਲ ਦੇ ਘੜੇ ਲੈ ਆਏ। ਹਾਂ ਜੀ! ਪਿਆਰਿਓ ਨਾਲ ਲੈ ਆਏ। ਕਲਗ਼ੀਆਂ ਵਾਲੇ ਦੀ ਰਛਿਆ ਵਿਚ ਆਏ। ਬਾਬਾ ਜੀ ਸਿੰਘਾਂ ਦੀਆਂ ਰੋਟੀਆਂ ਇਉਂ ਘਲਦੇ ਹਨ।

ਖ਼ਾਲਸਾ ਜੀਉ, ਉਠੋ! ਹੱਥ ਜੋੜੋ, ਅਰਦਾਸ ਸੋਧੋ, ਬਾਬੇ ਨੇ ਪ੍ਰਸ਼ਾਦ ਭੇਜਿਆ ਹੈ, ਆਉ ਬਾਬੇ ਨੂੰ ਵੀ ਛਕਾਈਏ ਤੇ ਆਪ ਵੀ ਛਕੀਏ। ਉਹ! ਕਿਆ ਸਵਾਦ, ਬਾਬਾ ਜੀ ਬੱਚਿਆਂ ਵਾਸਤੇ ਐਟ ਹੋਮ (ਜ਼ਿਆਫ਼ਤ) ਹੋਏ। ਉਹ ਗੱਲ ਜਿਹੜੀ ਦੋਹਾਂ ਦੀਨ ਤੇ ਦੁਨੀ ਵਾਲਿਆਂ ਨੂੰ ਜਾਨ ਦਾ ਕਰੱਟਾ ਦਿੱਸਦੀ ਸੀ, ਉਹ ਬਾਬੇ ਨੇ ਧੁਰ ਉਪਰ ਅਰਸ਼ੀ ਉੱਚ ਨਾਲ ਉੱਚੀ ਕਰ ਦਿੱਤੀ। ਅਸਮਾਨ ਪਾੜ ਕੇ, ਇਹ ਖਲਾਅ ਚੀਰ ਕੇ ਸਿੰਘ ਦਾ ਲੰਗਰ ਸੱਚਖੰਡ ਵਿੱਚੋਂ ਦੱਸਿਆ, ਉਥੇ ਵੀ ਨੂਰੀ ਚੱਕੀਆਂ ਚੱਲਦੀਆਂ ਦੱਸੀਆਂ। ਉਥੇ ਵੀ ਸੂਰਜ ਤੇ ਚੰਦ ਬਣਦੇ ਦੱਸੇ। ਇਹ ਗੁਰੂ ਦੇ ਲਾਲਾਂ ਦੀਆਂ ਬਣਾਈਆਂ ਚੀਜ਼ਾਂ ਹਨ, ਹੋਰ ਕੀ ਏ? ਸੂਰਜ ਦੀਆਂ ਕਿਰਨਾਂ ਕਿਥੇ ਮੁਈਏ! ਏਹ ਤਾਂ ਅੰਨ ਵਰ੍ਹਦਾ ਹੈ। ਹਾਂ ਜੀ! ਆਕਾਸ਼ ਦੀ ਛਾਣਨੀ ਵਿਚ ਛਣ ਛਣ ਵਰ੍ਹਦਾ ਹੈ। ਹਾਂ ਜੀ! ਇਹ ਪ੍ਰਭਾਤ ਥੋੜ੍ਹੀ ਹੈ, ਇਹ ਤਾਂ ਗਊ ਦੀ ਦੁੱਧ ਧਾਰਾ ਹੈ। ਇਹੋ ਜਿਹਾ ਗੁਰੂ ਦਾ ਲੰਗਰ ਹੈ। ਧੰਨ ਉਹ ਜਿਹੜੇ ਭਲਕੇ ਉਠ ਕੇ ਨਾਮ ਜਪਦੇ ਲੰਗਰ ਤਿਆਰ ਕਰਦੇ, ਸੱਚਖੰਡ ਆ ਕੇ ਸਤਿਸੰਗੀਆਂ ਦੀਆਂ ਲਿਆਂਦੀਆਂ ਨਿਆਮਤਾਂ ਛਕਦੇ ਛਕਾਉਂਦੇ ਹਨ।

# ਸ਼ਹੀਦੀ ਦਿਵਸ ’ਤੇ ਮੇਰੇ ਚਾਰਾਂ ਵੀਰਾਂ ਦੇ ਨਾਮ

## ਜਿਨ੍ਹਾਂ ਚਮਕੌਰ ਸਾਹਿਬ ਅਤੇ ਫ਼ਤਿਹਗੜ੍ਹ ਸਾਹਿਬ ਵਿਖੇ ਸ਼ਹੀਦੀ ਪਾਈ

ਜਗਰੂਪ ਕੌਰ

ਹੇ ਵਾਹਿਗੁਰੂ ਤੂੰ ਆਪ ਹੀ ਮੇਰੇ ਜਿਹੀ ਨਿਮਾਣੀ ’ਤੇ ਕਿਰਪਾ ਕੀਤੀ ਅਤੇ ਤੇਰੀ ਓਟ ਲੈ ਕੇ ਮੈਂ ਲਿਖ ਰਹੀ ਹਾਂ ਆਪਣੇ ਵੀਰਾਂ ਦੀਆਂ ਸ਼ਹਾਦਤਾਂ ਬਾਰੇ। ਮੈਂ ਕੌਣ ਹਾਂ ? ਤੂੰ ਖ਼ੁਦ ਹੀ ਸੇਵਾ ਲੈ ਰਿਹਾ ਹੈ, ਜਦੋਂ ਅੰਮ੍ਰਿਤ ਛਕਿਆ ਸੀ ਤਾਂ ਸਿਰ ਤਾਂ ਪਹਿਲਾਂ ਹੀ ਆਪ ਜੀ ਦੀ ਭੇਟਾ ਹੋ ਚੁੱਕਾ ਸੀ। ਤੁਸੀਂ ਲਿਖਣ ਦੀ ਸੁਮੱਤ ਬਖ਼ਸ਼ੀ ਹੈ। ਮੇਰੇ ਵਿਚ ਹਿੰਮਤ ਨਹੀਂ ਸੀ। ਹੁਣ ਮੇਰੀ ਸਰੀਰਕ ਮੌਤ, ਪਰ ਆਤਮਕ ਤੌਰ ’ਤੇ ਚਮਕੌਰ ਤੇ ਸਰਹੰਦ ਨਾਲ ਮੇਰਾ ਅਤਿ ਦਾ ਪਿਆਰ ਅਤੇ ਰੀਝ ਹੈ। ਸੱਚੇ ਪਾਤਿਸ਼ਾਹ ਮੈਨੂੰ ਅਜਿਹੀ ਸਿੱਖੀ ਬਖ਼ਸ਼ ਕਿ ਕੋਈ ਮਜ਼ਲੂਮ ਮੇਰੇ ਤੋਂ ਮਦਦ ਮੰਗਣ ਦਾ ਹੱਕ ਰੱਖ ਸਕੇ। ਜਿਤਨਾ ਚਿਰ ਜੀਵਾਂ ਦੂਸਰਿਆਂ ਲਈ ਜੀਵਾਂ, ਆਪ ਜੀ ਦੇ ਚਰਨਾਂ ਦੀ ਯਾਦ ਨਾਲ ਜੀਵਾਂ ਅਤੇ ਮਰਾਂ ਤੇਰੇ ਚਾਰ ਸਾਹਿਬਜ਼ਾਦਿਆਂ ਦੇ ਚਰਨਾਂ ਨੂੰ ਗਲਵਕੜੀ ਪਾ ਕੇ।

ਆਪ ਜੀ ਨੂੰ ਪਤਾ ਹੈ ਸੰਸਾਰ ਦਾ ਅਨੋਖਾ ਤੇ ਸਭ ਤੋਂ ਅਸਾਵਾਂ ਯੁੱਧ ਚਮਕੌਰ ਸਾਹਿਬ ਦੀ ਧਰਤੀ ’ਤੇ ੨੨ ਦਸੰਬਰ, ੧੭੦੪ ਈਸਵੀ, ਹਮਲਾਵਰ ਮੁਗ਼ਲ ਫ਼ੌਜਾਂ।

ਸਾਹਿਬ-ਏ-ਕਮਾਲਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਯੁੱਧ ਵਿਚ ਜੋ ਕਿਹਾ ਕਰ ਦਿਖਾਇਆ ; ਚਿੜੀਓਂ ਸੇ ਮੈਂ ਬਾਜ ਲੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ॥

ਉਪਰੋਕਤ ਵਾਕ ਉਦੋਂ ਸਾਬਤ ਹੋਇਆ, ਜਦੋਂ ਗੁਰੂ ਜੀ ਰੋਪੜ ਤੋਂ ਚੱਲ ਕੇ ਚਮਕੌਰ ਦੀ ਧਰਤੀ ’ਤੇ ਪੁੱਜੇ ਸਨ। ਇਥੋਂ ਦੇ ਭਾਈ ਬੁੱਧੀ ਚੰਦ ਰਾਵਤ ਨੇ ਗੁਰੂ ਸਾਹਿਬ ਨੂੰ ਆਪਣੀ ਗੜ੍ਹੀ ਵਿਚ ਠਹਿਰਣ ਦੀ ਅਰਜ਼ ਕੀਤੀ ਸੀ। ਦਸਮੇਸ਼ ਜੀ ਆਪਣੇ ਵੱਡੇ ਸਾਹਿਬਜ਼ਾਦਿਆਂ ਅਤੇ ਚਾਲੀ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ ਵਿਚ ਦਾਖ਼ਲ ਹੋਏ। ੨੨ ਦਸੰਬਰ, ੧੭੦੪ ਈਸਵੀ ਨੂੰ ਸੰਸਾਰ ਦਾ ਅਨੋਖਾ ਯੁੱਧ ਆਰੰਭ ਹੋ ਗਿਆ ਸੀ। ਕੈਸਾ ਮੁਕਾਬਲਾ, ਇਕ ਪਾਸੇ ਭੁੱਖਣ-ਭਾਣੇ ੪੦ ਸਿੰਘ ਅਤੇ ਦੂਜੇ ਪਾਸੇ ਭਾਰੀ ਮੁਗ਼ਲਈ ਫ਼ੌਜਾਂ।

**ਕਹਾ ਬੀਰ ਚਾਲੀ ਛੁਧਾਵੰਤ ਭਾਰੇ।**
**ਕਹਾ ਏਕ ਨੌ ਲਾਖ ਆਏ ਹਕਾਰੇ।**

ਜਦੋਂ ਸਿੰਘ ਲੜਦੇ-ਲੜਦੇ ਸ਼ਹੀਦੀ ਪਾ ਰਹੇ ਸਨ ਤਾਂ ਗੁਰੂ ਜੀ ਨੂੰ ਇਕ ਸਿੱਖ ਨੇ ਕਿਹਾ ਕਿ, “ਆਪ ਜੀ ਆਪਣੇ ਪੁੱਤਰਾਂ ਨੂੰ ਲੈ ਕੇ ਗੜ੍ਹੀ ਵਿਚੋਂ ਚਲੇ ਜਾਵੋ, ਅਸੀਂ ਮੋਰਚਾ ਸੰਭਾਲ ਲਵਾਂਗੇ।” ਪੁੱਤਰਾਂ ਦੇ ਦਾਨੀ, ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ, “ਤੁਸੀਂ ਕਿਹੜੇ ਪੁੱਤਰਾਂ ਦੀ ਗੱਲ ਕਰਦੇ ਹੋ ? ਤੁਸੀਂ ਸਾਰੇ ਹੀ ਮੇਰੇ ਪੁੱਤਰ ਹੋ।” ਗੁਰੂ ਜੀ ਨੇ ਵੱਡੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੂੰ ਖ਼ੁਦ ਤਿਆਰ ਕਰਕੇ ਮੋਰਚਾ ਸੰਭਾਲਣ ਲਈ ਭੇਜਿਆ ਅਤੇ ਕਿਹਾ, “ਜਾਉ ਬੇਟਾ ਤੁਹਾਡਾ ਜਨਮ ਹੀ ਇਸ ਲਈ ਹੋਇਆ ਹੈ, ਮੈਦਾਨ-ਏ-ਜੰਗ ਵਿਚ ਜੂਝ ਕੇ ਸ਼ਹੀਦੀ ਪਾਉ, ਲਾੜੀ ਮੌਤ ਦਾ ਗਾਨਾ ਬੰਨ੍ਹੋ ਅਤੇ ਜ਼ਾਲਮਾਂ ਨਾਲ ਲੋਹਾ ਲਉ।”

**ਹੇ ਸੁਤ ! ਤੁਮ ਹਮ ਕੋ ਹੋ ਪਿਆਰੇ**
**ਤੁਰਕ ਨਾਮ ਹਿੱਤ ਤੁਮ ਤਨ ਧਾਰੇ।**

ਇਹ ਸੁਣ ਕੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਚਾਅ ਨਾਲ ਰਣ-ਤੱਤੇ ਵਿਚ ਕੁੱਦੇ ਅਤੇ ਦੁਸ਼ਮਣਾਂ ਦੀਆਂ ਕਤਾਰਾਂ ਵੱਲ ਵਧਦੇ, ਵੰਗਾਰਦੇ, ਮੁਗ਼ਲ ਸੂਰਬੀਰਾਂ ਨੂੰ ਮੈਦਾਨ-ਏ-ਜੰਗ ਵਿਚ ਚਿੱਤ ਕਰਦਿਆਂ ਸ਼ਹੀਦੀ ਪਾ ਗਏ। ਆਪ ਜੀ ਦੇ ਨਾਲ ‘ਪੰਜ ਪਿਆਰਿਆਂ’ ਵਿਚੋਂ ਭਾਈ ਮੁਹਕਮ ਸਿੰਘ ਜੀ ਵੀ ਸ਼ਹੀਦੀ ਪਾ ਗਏ। ਉਨ੍ਹਾਂ ਨੂੰ ਸ਼ਹੀਦ ਹੁੰਦਾ ਵੇਖ ਕੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਵੀ ਜਦੋਂ ਮੈਦਾਨ-ਏ-ਜੰਗ ਵਿਚ ਜਾਣ ਲੱਗੇ ਤਾਂ ਗੁਰੂ ਮਹਾਰਾਜ ਨੇ ਕਿਹਾ, ਜਰਾ ਠਹਿਰੋ ਬੇਟਾ। ਗੁਰੂ ਜੀ ਅੱਗੇ ਵਧੇ ਤੇ ਮੱਥਾ ਚੁੰਮਿਆ, ਆਪਣੇ ਹੱਥੀਂ ਪੁੱਤਰ ਦੇ ਸਿਰ ’ਤੇ ਕਲਗ਼ੀ ਸਜਾਈ, ਗਲੇ ਲਗਾਇਆ ਅਤੇ ਕਿਹਾ ਤੂੰ ਲਾੜੀ ਮੌਤ ਨੂੰ ਵਿਆਹੁਣ ਚੱਲਿਆ ਹੈ। ਮੈਂ ਤੇਰੀ ਤਿਆਰੀ ਕਰ ਲਵਾਂ, ਕੇਸਰ ਛਿੜਕਿਆ ਅਤੇ ਜੰਗ ਲਈ ਭੇਜ ਦਿੱਤਾ। ਜਾਉ ਬੇਟਾ ਜ਼ੁਲਮ-ਅਧਰਮ ਦਾ ਨਾਸ ਹੋਵੇ ਅਤੇ ਧਰਮ ਦਾ ਪ੍ਰਕਾਸ਼ ਹੋਵੇ, ਤੇਰਾ ਭਰਾ ਵੀ ਤੇਰੀ ਸਚਖੰਡ ਵਿਚ ਉਡੀਕ ਕਰ ਰਿਹਾ ਹੈ। ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਨੇ ਵੀ ਗੱਤਕੇ ਦੇ ਜੌਹਰ ਅਤੇ ਅਜਿਹੀ ਤਲਵਾਰ ਚਲਾਈ ਕਿ ਗੁਰ-ਬਿਲਾਸ ਪਾਤਿਸ਼ਾਹੀ ਦਸਵੀਂ ਵਿਚ; “ਖੇਤ ਵਗਾਈ ਜਯੋ ਕਿਰਸਾਨੀਆਂ” ਨਾਲ ਤੁਲਨਾ ਕੀਤੀ ਗਈ। ਸਾਹਿਬਜ਼ਾਦਾ ਜੁਝਾਰ ਸਿੰਘ ਨੇ ਅਜਿਹੇ ਬਹਾਦਰੀ ਤੇ ਜੰਗੀ ਕਲਾ ਦੇ ਜੌਹਰ ਦਿਖਾਏ ਕਿ ਤੁਰਕ ਹੱਕੇ-ਬੱਕੇ ਰਹਿ ਗਏ। ਅੰਤ ਬਾਬਾ ਜੁਝਾਰ ਸਿੰਘ ਜੀ ਦੁਸ਼ਮਣਾਂ ਨਾਲ ਲੋਹਾ ਲੈਂਦੇ ਹੋਏ ਸ਼ਹੀਦੀ ਪਾ ਗਏ। ਪੁੱਤਰਾਂ ਦੇ ਦਾਨੀ ਸੱਚੇ ਪਾਤਿਸ਼ਾਹ ਨੇ ਉਸ ਸਮੇਂ ਵੀ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਸੀ ਅਤੇ ਮੂੰਹੋਂ ਉਚਾਰਿਆ;

**ਅਜ ਖ਼ਾਲਸਾ ਖ਼ਾਸ ਭਯੋ**
**ਸਤਿਗੁਰ ਕੇ ਦਰਬਾਰ।**

ਅਤੇ ਗੁਰੂ ਜੀ ਨੇ ਬਾਕੀ ਬਚੇ ਸੱਤ ਸਿੰਘਾਂ ਨੂੰ ਫ਼ਰਮਾਨ ਕੀਤਾ ਕਿ ਔਖੀ ਘੜੀ ਜੋ ਵਾਹਿਗੁਰੂ ਨੂੰ ਯਾਦ ਰੱਖਦਾ ਹੈ। ਵਾਹਿਗੁਰੂ ਵਲੋਂ ਸਾਰੀਆਂ ਰਹਿਮਤਾਂ ਉਸ ਦੀ ਝੋਲੀ ਪੈਂਦੀਆਂ ਹਨ।

ਸਿੱਖਾਂ ਨੂੰ ਸਦਾ ਚਾਰ ਓਟਾਂ ਹਨ-
ਪਹਿਲੀ - ਅਕਾਲ ਦੀ।
ਦੂਜੀ - ਸ਼ਬਦ ਦੀ।
ਤੀਜੀ - ਸੰਗਤ ਦੀ।
ਚੌਥੀ - ਆਪਣੀ।

***

## ਨਿੱਕੀਆਂ ਜਿੰਦਾਂ ਵੱਡਾ ਸਾਕਾ

ਗੁਰੂ ਪਿਆਰੀ ਸਾਧ-ਸੰਗਤ ਜੀਓ, ਦੁਨੀਆ ਦੇ ਇਤਿਹਾਸ ’ਚ ‘ਨਿੱਕੀਆਂ ਜਿੰਦਾਂ, ਵੱਡਾ ਸਾਕਾ’ ਵਰਤਾਉਣ ਵਾਲੇ ਦਸਮੇਸ਼ ਪਿਤਾ ਦੇ ਛੋਟੇ ਦੋ ਪਿਆਰੇ ਲਾਲਾਂ ਨੂੰ ਸ਼ਰਧਾਂਜਲੀ ਦੇਣ ਤੋਂ ਪਹਿਲਾਂ ਮੈਂ ਇਕ ਆਪਣੇ ਨਾਲ ਵਾਪਰੀ ਘਟਨਾ ਸਾਂਝੀ ਕਰਨ ਲੱਗੀ ਹਾਂ।

੨੫ ਦਸੰਬਰ ਨੂੰ ਈਸਾਈ ਧਰਮ ਦੇ ਪੈਗੰਬਰ ਯੀਸੂ ਮਸੀਹ ਦਾ ਜਨਮ ਦਿਨ ਸੀ ਅਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਵੀ ਨੇੜੇ ਹੀ ਆ ਰਿਹਾ ਸੀ। ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਵੀ ਨੇੜੇ ਹੀ ਸਨ। ਮੇਰਾ ਜਿਸ ਈਸਾਈ ਦੇ ਨਾਲ ਮੇਲ ਹੋਇਆ ਉਸ ਦੀਆਂ ਗੱਲਾਂ ਨੇ ਮੈਨੂੰ ਸ਼ਰਮਸਾਰ ਕਰ ਦਿੱਤਾ ਸੀ। ਉਸ ਨੇ ਆਖਿਆ ਕਿ ਤੁਹਾਡੇ ਸਿੱਖ ਧਰਮ ਦਾ ਇਤਿਹਾਸ ਅਨੇਕਾਂ ਹੀ ਕੁਰਬਾਨੀਆਂ ਦੇ ਨਾਲ ਭਰਿਆ ਪਿਆ ਹੈ, ਪਰ ਅਸੀਂ ਕਦੇ ਵੀ ਤੁਹਾਡੇ ਪੈਗੰਬਰਾਂ ਤੇ ਮੁਰੀਦਾਂ ਦੀਆਂ ਸ਼ਹੀਦੀਆਂ ਵਾਲੇ ਦਿਨ ਕਿਸੇ ਸਿੱਖ ਨੂੰ ਦਿਲੋਂ ਸੱਚੀ ਸ਼ਰਧਾਂਜਲੀ ਦਿੰਦਿਆਂ ਅਨੁਭਵ ਨਹੀਂ ਕੀਤਾ। ਸਾਡਾ ਤਾਂ ਸਿਰਫ਼ ਪ੍ਰਭੂ ਯੀਸੂ ਹੀ ਸੂਲੀ ’ਤੇ ਚੜ੍ਹਿਆ ਸੀ। ਸਾਡੇ ਤੋਂ ਉਸ ਦੇ ਹੱਥਾਂ ਤੇ ਪੈਰਾਂ ਦੀਆਂ ਮੇਖਾਂ ਲੱਗੀਆਂ ਸਹਿਣ ਨਹੀਂ ਹੁੰਦੀਆਂ ਅਤੇ ਨਾ ਹੀ ਅਸੀਂ ਆਪਣਾ ਧਰਮ ਛੱਡਦੇ ਹਾਂ। ਇਸ ਸ਼ਹਾਦਤ ਨੂੰ ਅਸੀਂ ਯਾਦ ਰੱਖਦੇ ਹਾਂ ਅਤੇ ਆਪਣੇ ਬੱਚਿਆਂ ਨੂੰ ਵੀ ਯਾਦ ਕਰਵਾਉਂਦੇ ਹਾਂ। ਤੁਸੀਂ (ਸਿੱਖ) ਇਸ ਸ਼ਹੀਦੀਆਂ ਭਰੇ ਦਸੰਬਰ ਮਹੀਨੇ ਦੇ ਵਿਚ ਕੀ ਕਰਦੇ ਹੋ?

ਮੈਨੂੰ ਕੋਈ ਜਵਾਬ ਨਹੀਂ ਆਇਆ ਅਤੇ ਮਨ ’ਤੇ ਬੜੀ ਡੂੰਘੀ ਸੱਟ ਵੱਜੀ, ਜਦੋਂ ਯਾਦ ਆਇਆ ਕਿ ਕਿਵੇਂ ਨਿੱਕੇ ਜਿਹੇ ੮ ਅਤੇ ੬ ਸਾਲ ਦੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਅਤਿ ਦੀ ਠੰਢ ਵਿਚ ਆਪਣੀ ਪੂਜਨੀਕ ਦਾਦੀ ਜੀ, ਬਜ਼ੁਰਗ ਮਾਤਾ ਗੁਜ਼ਰੀ ਜੀ ਨਾਲ ਜੰਗਲਾਂ ਦੇ ਰਸਤੇ ਵਿਚੋਂ ਜਿੱਥੇ ਸ਼ੇਰ, ਚੀਤੇ, ਬਘਿਆੜ, ਸੱਪ ਆਦਿ ਖ਼ੂੰਖਾਰ ਤੇ ਜ਼ਹਿਰੀਲੇ ਜਾਨਵਰਾਂ ਦੇ ਬਿਨਾਂ ਕਿਸੇ ਡਰ ਤੋਂ ਬਾਣੀ ਦਾ ਪਾਠ ਕਰਦੇ, ਨਿੱਕੇ-ਨਿੱਕੇ ਕਦਮਾਂ ਨਾਲ ਅੱਗੇ ਵੱਧਦੇ ਗਏ ਹੋਣਗੇ, ਕਿਵੇਂ ਨਿੱਕੀਆਂ ਜਿੰਦਾਂ ਵੱਡੇ ਸਾਕੇ ਕਰਨ ਦੇ ਸਮਰੱਥ ਹੋਣਗੇ ਪਰ ਸਾਹਿਬਜ਼ਾਦਿਆਂ ਨੂੰ ਗੁੜ੍ਹਤੀ ਮਿਲੀ ਹੋਈ ਸੀ ਨਾਮ ਦੀ ਅਤੇ ਅੰਮ੍ਰਿਤ ਦੀ। ਦੇਖੋ ਅੰਮ੍ਰਿਤ ਦੀ ਸ਼ਕਤੀ, ਉਮਰਾਂ ਦਾ ਤਕਾਜ਼ਾ ਨਹੀਂ।

ਆਪ ਸਭ ਨੂੰ ਪਤਾ ਹੈ ਗੰਗੂ ਦੀ ਗ਼ੱਦਾਰੀ ਦਾ, ਜਿਸ ਨੇ ਕੁਝ ਮੋਹਰਾਂ ਦੇ ਬਦਲੇ ਮਹਾਂ-ਪਾਪ ਕਮਾਇਆ। ਮੁਸੀਬਤ ਵੇਲੇ ਆਪਣੇ ਘਰ ਆਏ ਗੁਰੂ ਸਾਹਿਬ ਦੇ ਪੁੱਤਰਾਂ ਅਤੇ ਪੂਜਨੀਕ ਮਾਤਾ ਜੀ ਨੂੰ ਉਸ ਨੇ ਮੁਗ਼ਲ ਸਿਪਾਹੀਆਂ ਨੂੰ ਇਤਲਾਹ ਦੇ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਉਸ ਨੇ ਨਾ ਸਿਰਫ਼ ਗੁਰੂ ਸਾਹਿਬ ਦੇ ਪਰਿਵਾਰ ਨਾਲ ਧਰੋਹ ਕਮਾਇਆ ਸਗੋਂ ਮਨੁੱਖਤਾ ਦੇ ਮੱਥੇ ’ਤੇ ਕਲੰਕ ਲਗਾ ਦਿੱਤਾ।

ਛੋਟੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਨੂੰ ਜਦੋਂ ਸੂਬਾ ਸਰਹਿੰਦ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ ਤਾਂ ਲੱਖਾਂ ਹੀ ਲੋਭ-ਲਾਲਚ ਦਿੱਤੇ ਗਏ। ਇੱਥੋਂ ਤੱਕ ਆਖਿਆ ਗਿਆ ਕਿ ਤੁਹਾਨੂੰ ਪੀਰ ਬਣਾ ਦਿੱਤਾ ਜਾਵੇਗਾ ਪਰ ਤੁਸੀਂ ਸਿੱਖ ਧਰਮ ਨੂੰ ਤਿਲਾਂਜਲੀ ਦੇ ਕੇ ਮੁਸਲਮਾਨ ਦੀਨ ਕਬੂਲ ਕਰ ਲਵੋ। ਇਹ ਵੀ ਡਰਾਵੇ ਦਿੱਤੇ ਗਏ ਕਿ ਜੇਕਰ ਦੀਨ ਨਾ ਕਬੂਲ ਕੀਤਾ ਤਾਂ ਜਾਨ ਤੋਂ ਮਾਰ ਦਿੱਤੇ ਜਾਓਗੇ। ਲਗਾਤਾਰ ਤਿੰਨ ਦਿਨ ਰੋਜ਼ਾਨਾ ਠੰਡੇ ਬੁਰਜ ਵਿਚ ਬਣਾਏ ਕੈਦਖਾਨੇ ਵਿਚੋਂ ਮੁਗ਼ਲ ਸਿਪਾਹੀ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਦੀ ਕਚਹਿਰੀ ਵਿਚ ਪੇਸ਼ ਕਰਨ ਲਈ ਲਿਜਾਉਂਦੇ ਅਤੇ ਮੁੜ-ਮੁੜ ਉਨ੍ਹਾਂ ਨੂੰ ਦੀਨ ਕਬੂਲ ਕਰਨ ਬਦਲੇ ਬੜੇ ਲਾਲਚ ਅਤੇ ਹੂਰਾਂ ਦੇ ਡੋਲੇ ਤੱਕ ਦੇਣ ਦੀਆਂ ਪੇਸ਼ਕਸ਼ਾਂ ਕੀਤੀਆਂ ਜਾਂਦੀਆਂ। ਜਦ ਤੀਜੇ ਦਿਨ ਕਚਹਿਰੀ ਵਿਚ ਗੁਰੂ ਲਾਲਾਂ ਨੂੰ ਬੁਲਾਇਆ ਗਿਆ ਪਰ ਉਨ੍ਹਾਂ ਦਾ ਪਹਿਲਾਂ ਵਾਲਾ ਹੀ ਜਵਾਬ ਹਾਜ਼ਰ ਸੀ, “ਅਸੀਂ ਦੋ ਦਿਨਾਂ ਦੀਆਂ ਖ਼ੁਸ਼ੀਆਂ ਬਦਲੇ ਆਪਣਾ ਇਮਾਨ ਨਹੀਂ ਵੇਚ ਸਕਦੇ। ਅਸੀਂ ਗੁਰੂ ਦਾਦਾ ਜੀ ਦੀ ਸਿੱਖਿਆ ’ਤੇ ਚੱਲਦੇ ਹੋਏ, ਦਾਦੀ ਜੀ ਦੀ ਸਿੱਖਿਆ ਤੇ ਪੜ੍ਹਾਏ-ਲਿਖਾਏ, ਰਾਜ ਜੋਗੀ ਮਾਤਾ ਦੇ ਜਾਏ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਅਸੂਲਾਂ ਨੂੰ ਛਿੱਕੇ ਨਹੀਂ ਟੰਗ ਸਕਦੇ। ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਨੇ ਛੋਟੇ ਵੀਰ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਵੱਲ ਮੁਸਕਰਾ ਕੇ ਕਿਹਾ; ਦੱਸੋ ਭਰਾ ਜੀ ਆਪ ਜੀ ਦਾ ਕੀ ਵੀਚਾਰ ਹੈ। ਅੱਗੋਂ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਬੋਲੇ; ਵੱਡੇ ਵੀਰ ਜੀ! ਮੌਤ ਤੋਂ ਤਾਂ ਉਹ ਡਰੇ ਜਿਸ ਨੂੰ ਰੱਬ ਭੁੱਲਾ ਹੋਵੇ। ਅਸਾਂ ਨੂੰ ਤਾਂ ਰੱਬ ਸਦਾ ਚੇਤੇ ਹੈ ਫਿਰ ਅਸੀਂ ਕਿਉਂ ਡਰੀਏ?

**ਕਬੀਰਾ ਮਰਤਾ ਮਰਤਾ ਜਗੁ ਮੂਆ**
**ਮਰਿ ਭਿ ਨ ਜਾਨੈ ਕੋਇ॥**
**ਐਸੀ ਮਰਨੀ ਜੋ ਮਰੈ**
**ਬਹੁਰਿ ਨ ਮਰਨਾ ਹੋਇ॥੧॥** (ਅੰਕ : ੫੫੫)

ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਦਾ ਸੂਬਾ ਸਰਹਿੰਦ ਨੂੰ ਕਚਹਿਰੀ ’ਚ ਜਵਾਬ: ਸੂਬਿਆ! ਕਰਾਮਾਤਾਂ ਕਹਿਰ ਦਾ ਨਾਮ ਹੁੰਦਾ ਏ। ਅਸੀਂ ਕੋਈ ਕਰਾਮਾਤਾਂ ਨਹੀਂ ਕਰਨੀਆਂ। ਤੁਸੀਂ ਸਾਨੂੰ ਜਿਹੜਾ ਵੀ ਫ਼ਤਵਾ ਲਗਾਉਗੇ, ਉਹ ਕਰਾਮਾਤਾਂ ਤੋਂ ਘੱਟ ਨਹੀਂ ਹੋਵੇਗਾ। ਸਾਡੀਆਂ ਸ਼ਹਾਦਤਾਂ ਤੋਂ ਹੋਰ ਵੀਰ ਵੀ ਸ਼ਹਾਦਤਾਂ ਪਾਉਣਗੇ। ਸਭ ਤਰ੍ਹਾਂ ਦੀਆਂ ਸ਼ਕਤੀਆਂ ਹੁੰਦੇ ਹੋਏ ਵੀ ਪ੍ਰਦਰਸ਼ਨੀ ਨਹੀਂ ਕੀਤੀ। ਮੌਤ ਨੂੰ ਖਿੜ੍ਹੇ ਮੱਥੇ ਪ੍ਰਵਾਨ ਕੀਤਾ, ਇਸ ਦੀ ਮਿਸਾਲ ਦੁਨੀਆ ਦੀ ਤਵਾਰੀਖ ਵਿਚ ਹੋਰ ਕਿਤੇ ਵੀ ਨਹੀਂ ਮਿਲਦੀ। ਇੰਨੀ ਸ਼ਕਤੀ ਹੁੰਦੇ ਹੋਏ ਵੀ ਜ਼ਰ ਕੇ ਰੱਖਣੀ ਕੋਈ ਛੋਟੀ ਗੱਲ ਨਹੀਂ ਹੈ। ਆਓ! ਭੈਣੋਂ ਅਤੇ ਵੀਰੋ ਆਪਣੀ ਆਤਮਾ ਦੀ ਸੱਚੀ ਸੁੱਚੀ ਆਵਾਜ਼ ਨੂੰ ਪਛਾਣੀਏ। ਆਪ ਸਭ ਸਿੱਖ ਹੋ, ਜਦੋਂ ਤੁਸੀਂ ਨਿਹੰਗ ਸਿੰਘ ਜਾਂ ਪੂਰੇ ਸ਼ਸਤਰਾਂ ਨਾਲ ਸਜੇ ਸਿੱਖ ਨੂੰ ਵੇਖਦੇ ਹੋ ਤਾਂ ਕਿਵੇਂ ਸਿੱਖ ਦਾ ਮਨ-ਹਿਰਦਾ ਫੁੱਲ ਵਾਂਗ ਖਿੜ ਜਾਂਦਾ ਹੈ। ਆਪ ਸਭ ਸਤਿਕਾਰ ਕਰਦੇ ਹੋ ਦਸਮੇਸ਼ ਪਿਤਾ ਦੇ ਬਖ਼ਸ਼ੇ ਸਿੱਖੀ ਸਰੂਪ ਤੇ ਬਾਣੇ ਦਾ। ਫਿਰ ਕਿਉਂ ਅਵੇਸਲਾਪਨ ਤੁਹਾਨੂੰ ਕਿਸੇ ਬੰਨ੍ਹੇ ਨਹੀਂ ਲੱਗਣ ਦਿੰਦਾ? ਸਾਡੇ ਸਿੱਖ ਘਰਾਣਿਆਂ ਵਿਚੋਂ ਸਿੱਖੀ ਨਿਆਰਾਪਨ ਕਿਵੇਂ ਅਤੇ ਕਿਉਂ ਖ਼ਤਮ ਹੋ ਰਿਹਾ ਹੈ। ਸਾਹਿਬਜ਼ਾਦਿਆਂ ਦੇ ਵਾਰਸ ਕਹਾਉਣ ਵਾਲਿਆਂ ਦੇ ਬੱਚੇ ਆਪਣੇ ਕੇਸਾਂ ਦੀ ਕਿਵੇਂ ਬੇਅਦਬੀ ਕਰ ਰਹੇ ਹਨ, ਇਹ ਕਹਿੰਦਿਆਂ ਹਿਰਦਾ ਕੰਬਦਾ ਹੈ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੇ ਦਿਨ ਅਕਾਲ ਪੁਰਖ ਦੀ ਯਾਦ ਵਿਚ ਜੁੜੀਏ। ਆਪ ਸਭ ਵਾਹਿਗੁਰੂ ਸਿਮਰਨ ਕਰੀਏ। ਗੁਰ ਬਚਨਾਂ ’ਤੇ ਪੂਰੇ ਉਤਰ ਕੇ ਹੀ ਅਸੀਂ ਗੁਰੂ ਸਾਹਿਬ ਦੇ ਬੱਚੇ ਬਣ ਸਕਦੇ ਹਾਂ, ਕਿਉਂਕਿ ਪੁੱਤਰਾਂ ਦੇ ਦਾਨੀ ਦਸਮੇਸ਼ ਪਿਤਾ ਨੇ ਆਪਣੇ ਚਾਰੇ ਪੁੱਤਰ ਵਾਰਨ ਲੱਗਿਆਂ ਇਹ ਆਖਿਆ ਸੀ;

**ਇਨ ਪੁਤਰਨ ਕੇ ਸੀਸ ਪਰ**
**ਵਾਰ ਦੀਏ ਸੁਤ ਚਾਰ॥**

ਉਹ ‘ਸੁਤ’ (ਪੁੱਤਰ) ਅਸੀਂ ਹਾਂ, ਕਿੰਨਾ ਦੁੱਖ ਹੋਵੇਗਾ ਉਨ੍ਹਾਂ ਨੂੰ, ਜਿਨ੍ਹਾਂ ਸਾਡੇ ਬਦਲੇ ਸਰਬੰਸ ਕੁਰਬਾਨ ਕੀਤਾ।

ਅਸੀਂ ਉਨ੍ਹਾਂ ਦੇ ਸ਼ਹੀਦੀ ਦਿਹਾੜੇ ’ਤੇ ਉਨ੍ਹਾਂ ਦੀ ਯਾਦ ਵਿਚ ‘ਸਤਿਨਾਮੁ ਵਾਹਿਗੁਰੂ’ ਦਾ ਜਾਪ ਵੀ ਨਹੀਂ ਕਰ ਸਕਦੇ?

ਅੰਮ੍ਰਿਤ ਕੀ ਹੈ: ਅੰਮ੍ਰਿਤ ਕੋਈ ਖੇਡ ਨਹੀਂ, ਰਿਵਾਜ਼ ਨਹੀਂ, ਭੇਖ ਨਹੀਂ, ਵਿਖਾਵਾ ਨਹੀਂ ਹੁੰਦਾ ਤੇ ਨਾ ਹੀ ਸਿੱਖ ਹੋਣ ਦੀ ਨਿਸ਼ਾਨੀ ਹੁੰਦੀ ਹੈ। ਇਹ ਤਾਂ ਚਾਰ ਸਾਹਿਬਜ਼ਾਦਿਆਂ ਵਾਂਗ ਸ਼ਹੀਦ ਹੋਣ ਦੀ ਨਿਸ਼ਾਨੀ ਹੈ, ਕੇਵਲ ਵਾਹਿਗੁਰੂ ਨਾਮ ਤੋਂ ਕੁਰਬਾਨ, ਸਵਾਸ-ਸਵਾਸ ਨਾਮ ਸਿਮਰਨ ਅਤੇ ਇਕ ਨਾਲ ਦੋਸਤੀ ਪਾ ਕੇ ਉਸ ਦਾ ਬਣਨ ਦਾ ਯਤਨ ਕਰਨਾ, ਫ਼ਿਰ ਗੁਰੂ ਆਪਣੇ ਵਰਗਾ ਹੀ ਬਣਾ ਲੈਂਦਾ ਹੈ।

**# ਪਿੰਡ ਮੂਲੋਵਾਲੀ, ਡੇਰਾ ਬਾਬਾ ਨਾਨਕ (ਗੁਰਦਾਸਪੁਰ)।**

# ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ



ਡਾ. ਖੜਕ ਸਿੰਘ (ਗੁਰਪੁਰਵਾਸੀ)

**ਸਿੱਖੀ ਵਿਚ ਸ਼ਹੀਦੀ ਦਾ ਸੰਕਲਪ ਬਿਲਕੁਲ ਵੱਖਰਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੱਬ ਪਿਆਰ ਦਾ ਮੁਜੱਸਮਾ ਹੈ। ਉਸ ਦੀ ਰਜ਼ਾ ਪਰਉਪਕਾਰੀ ਹੈ। ਉਸ ਦੇ ਪਿਆਰ ਦੇ ਪਾਤਰ ਬਣਨ ਲਈ ਉਸ ਦੀ ਰਜ਼ਾ ਨੂੰ ਸਮਝਣਾ ਤੇ ਉਸ 'ਤੇ ਚੱਲਣਾ ਜ਼ਰੂਰੀ ਹੈ ਅਤੇ ਉਸ ਦੀ ਰਜ਼ਾ 'ਚ ਰਹਿਣਾ ਮਨੁੱਖ ਦਾ ਧਰਮ ਹੈ। ਜੀਵਨ ਨੂੰ ਪਿਆਰ ਦੀ ਖੇਡ ਕਿਹਾ ਗਿਆ ਹੈ ਅਤੇ ਇਸੇ ਖੇਡ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੰਗਾਰਿਆ ਹੈ- ''ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥'' ਇਹ ਖੇਡ ਮਨੁੱਖਤਾ ਦੇ ਪ੍ਰੇਮ ਤੇ ਸੇਵਾ ਦੀ ਹੈ। ਇਹ ਖੇਡ ਮੁਕੰਮਲ ਸਮਰਪਣ ਮੰਗਦੀ ਹੈ, ਸਿਰ ਦੇਣ ਵਿਚ ਝਿਜਕ ਦੀ ਗੁੰਜਾਇਸ਼ ਨਹੀਂ ਹੈ। ਸੀਸ ਦੇਣਾ (ਸ਼ਹੀਦੀ) ਇਕ ਫ਼ਰਜ਼ ਹੈ।**

ਸ਼ਹਾਦਤ ਸਾਮੀ ਭਾਸ਼ਾਵਾਂ (ਅਰਬੀ, ਫ਼ਾਰਸੀ) ਦਾ ਸ਼ਬਦ ਹੈ ਜਿਸ ਦੇ ਅਰਥ ਹਨ 'ਗਵਾਹੀ'। ਅੰਗਰੇਜ਼ੀ ਵਿਚ ਇਸ ਨੂੰ Martyrdom ਕਹਿੰਦੇ ਹਨ ਜਿਸ ਦਾ ਮੁੱਢ ਯੂਨਾਨੀ ਭਾਸ਼ਾ ਵਿਚ ਹੈ। 'ਮਹਾਨ ਕੋਸ਼' ਵਿਚ ਭਾਈ ਕਾਨ੍ਹ ਸਿੰਘ ਜੀ ਨੇ ਸ਼ਹਾਦਤ ਦਾ ਅਰਥ ਕੀਤਾ ਹੈ 'ਸੱਚੀ ਗਵਾਹੀ', 'ਸ਼ਹੀਦੀ', 'ਧਰਮ ਯੁੱਧ ਵਿਚ ਮੌਤ'। ਸ਼ਹੀਦੀ ਪ੍ਰਾਪਤ ਕਰਨ ਵਾਲਾ ਸ਼ਹੀਦ ਕਹਿਲਾਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੀਆਂ ਭਾਰਤੀ ਧਰਮ-ਪ੍ਰਣਾਲੀਆਂ ਵਿਚ ਸ਼ਹਾਦਤ ਦਾ ਸੰਕਲਪ ਵੇਖਣ ਵਿਚ ਨਹੀਂ ਆਉਂਦਾ ਅਤੇ ਪੁਰਾਤਨ ਭਾਰਤੀ ਸਾਹਿਤ ਵਿਚ ਇਸ ਭਾਵ ਦਾ ਕੋਈ ਸ਼ਬਦ ਨਹੀਂ ਮਿਲਦਾ। ਭਾਰਤੀ ਸੰਸਕ੍ਰਿਤੀਆਂ ਵਿਚ ਜੀਵਨ ਰੱਬ ਤੋਂ ਮਿਲੀ ਇਕ ਵੱਡਮੁਲੀ ਦੇਣ ਸਮਝੀ ਜਾਂਦੀ ਸੀ ਅਤੇ ਇਸ ਨੂੰ ਲੰਮੇਰਾ ਕਰਨ ਲਈ ਯੋਗਾ-ਅਭਿਆਸ ਆਦਿ ਰਾਹੀਂ ਯਤਨ ਕੀਤੇ ਜਾਂਦੇ ਸਨ। ਬੁੱਧ ਤੇ ਜੈਨ ਧਰਮ 'ਅਹਿੰਸਾ ਪਰਮੋ ਧਰਮ' ਦੇ ਪੁਜਾਰੀ ਸਨ। ਅਜਿਹੇ ਮਾਹੌਲ ਵਿਚ ਸ਼ਹਾਦਤ ਵਰਗੇ ਸੰਕਲਪ ਦਾ ਪੈਦਾ ਹੋਣਾ ਜਾਂ ਪ੍ਰਫੁਲਤ ਹੋਣਾ ਗ਼ੈਰ-ਕੁਦਰਤੀ ਸੀ। ਇਹੋ ਕਾਰਨ ਹੈ ਕਿ ਹਿੰਦ ਦੇ ਪੁਰਾਤਨ ਇਤਿਹਾਸ ਵਿਚ ਕਿਸੇ ਸ਼ਹਾਦਤ ਜਾਂ ਸ਼ਹੀਦਾਂ ਦਾ ਜ਼ਿਕਰ ਨਹੀਂ ਮਿਲਦਾ। ਇਸ ਦੇ ਉਲਟ ਇਹ ਵੀ ਵਿਚਾਰ ਹੈ ਕਿ ਜਦ ਆਰੀਆ ਲੋਕਾਂ ਨੇ ਹਿੰਦ 'ਤੇ ਹਮਲਾ ਕੀਤਾ ਤਾਂ ਸਥਾਨਕ ਕਬੀਲਿਆਂ ਨੇ ਉਨ੍ਹਾਂ ਦਾ ਜ਼ਰੂਰ ਡੱਟ ਕੇ ਮੁਕਾਬਲਾ ਕੀਤਾ ਹੋਵੇਗਾ ਅਤੇ ਦੋਹਾਂ ਪਾਸਿਆਂ ਤੋਂ ਮੌਤਾਂ ਹੋਈਆਂ ਹੋਣਗੀਆਂ, ਜਿਨ੍ਹਾਂ ਨੂੰ ਸ਼ਹਾਦਤ ਕਿਹਾ ਜਾਣਾ ਚਾਹੀਦਾ ਹੈ। ਫਿਰ ਵੀ ਇਹ ਮੰਨਣਾ ਪਵੇਗਾ ਕਿ ਉਸ ਜ਼ਮਾਨੇ ਵਿਚ ਇਥੇ ਸ਼ਹਾਦਤ ਵਰਗਾ ਕੋਈ ਸੰਕਲਪ ਖ਼ਾਸ ਮਹੱਤਤਾ ਨਹੀਂ ਰੱਖਦਾ ਸੀ। ਸਿੱਖ ਧਰਮ ਵਿਚ ਸ਼ਹਾਦਤ ਇਕ ਮੌਲਿਕ ਸਿਧਾਂਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੇਠ ਲਿਖੇ ਮਹਾਂਵਾਕ ਇਸ ਵਿਚ ਕੋਈ ਸੰਦੇਹ ਨਹੀਂ ਰਹਿਣ ਦਿੰਦੇ:

- **ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥<br>ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥<br>ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥<br>ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥** (ਪੰਨਾ: ੧੧੦੫)
- **ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥<br>ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ**

**ਕੀਜੈ ॥** (ਪੰਨਾ: ੧੪੧੨)

**• ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥**
(ਪੰਨਾ: ੧੧੦੨)

**• ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥** (ਪੰਨਾ: ੫੭੯)

ਉਪਰੋਕਤ ਤੁਕਾਂ ਵਿਚ ਸ਼ਬਦ 'ਸੂਰਾ' ਜਾਂ 'ਸੂਰਮਾ' ਵਰਤਿਆ ਗਿਆ ਹੈ।

'ਸ਼ਹੀਦ' ਸ਼ਬਦ ਦੀ ਵਰਤੋਂ ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਕੀਤੀ ਹੈ। ਮੁਰੀਦ ਅਰਥਾਤ ਸਿੱਖ ਦੇ ਜ਼ਰੂਰੀ ਲੱਛਣ ਦਰਜ ਕੀਤੇ ਹਨ, ਜਿਨ੍ਹਾਂ ਵਿਚ 'ਸ਼ਹੀਦ' ਸ਼ਾਮਲ ਹੈ:

**ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ।**
**ਸਬਰ ਸਿਦਕ ਸਹੀਦ ਭਰਮ ਭਉ ਖੋਵਣਾ।** (ਵਾਰ ੩:੧੮)

ਸਪੱਸ਼ਟ ਹੈ ਕਿ ਸ਼ਹਾਦਤ ਸਿੱਖ ਫ਼ਿਲਾਸਫ਼ੀ ਦਾ ਅਨਿੱਖੜਵਾਂ ਅੰਗ ਹੈ। ਸਿੱਖ ਧਰਮ ਸਰਬ-ਪੱਖੀ ਧਰਮ ਹੈ। ਇਸ ਵਿਚ ਸੰਨਿਆਸ ਜਾਂ ਦੁਨੀਆ ਤੋਂ ਕਿਨਾਰਾਕਸ਼ੀ ਲਈ ਕੋਈ ਥਾਂ ਨਹੀਂ ਹੈ। ਸਿੱਖ ਦਾ ਨਿਸ਼ਾਨਾ 'ਗੁਰਮੁਖਤਾ' ਜਾਂ 'ਸਚਿਆਰਾਪਨ' ਹੈ, ਜਿਸ ਦੀ ਪ੍ਰਾਪਤੀ ਲਈ ਉਹ ਅਕਾਲ ਪੁਰਖ ਦੇ ਹੁਕਮ ਵਿਚ ਉਸ ਦੀ ਰਜ਼ਾ ਦੀ ਪੂਰਤੀ ਵਿਚ ਜੁਟਿਆ ਰਹਿੰਦਾ ਹੈ :

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥**
(ਪੰਨਾ: ੧)

ਉਹ ਰਜ਼ਾ ਦੇ ਮਾਲਕ ਦਾ ਹੁਕਮ ਪਛਾਣਦਾ ਹੈ ਅਤੇ ਧਰਤੀ ਨੂੰ ਧਰਮਸਾਲ ਸਮਝਦਾ ਹੋਇਆ ਧਰਮ ਦੀ ਕਮਾਈ ਕਰਦਾ ਹੈ। ਸਮੁੱਚੇ ਮਨੁੱਖੀ ਭਾਈਚਾਰੇ ਨੂੰ ਇਕ ਪਰਿਵਾਰ ਸਮਝਦਾ ਹੈ ਜਿਸ ਦਾ ਇਕੋ ਪਿਤਾ ਅਕਾਲ ਪੁਰਖ ਹੈ। ਇਸ ਭਾਈਚਾਰੇ ਦੀ ਸੇਵਾ ਅਤੇ ਖ਼ਾਸ ਕਰਕੇ ਕਮਜ਼ੋਰ ਵਰਗ ਦੀ ਸੇਵਾ ਆਪਣਾ ਫ਼ਰਜ਼ ਸਮਝਦਾ ਹੈ। ਉਹ "ਨੀਚਾ ਅੰਦਰਿ ਨੀਚ ਜਾਤਿ" ਦਾ ਸੰਗੀ ਸਾਥੀ ਹੈ ਅਤੇ ਦੁਨਿਆਵੀ ਵੱਡਿਆਂ ਦੀ ਰੀਸ ਨਹੀਂ ਕਰਦਾ। ਸੰਸਾਰ ਵਿਚ ਵਿਚਰਦਾ ਹੋਇਆ ਪੂਰੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਹੈ। ਬਦੀ ਦੀਆਂ ਸ਼ਕਤੀਆਂ ਹਮੇਸ਼ਾਂ ਰਹੀਆਂ ਹਨ ਅਤੇ ਰਹਿਣਗੀਆਂ। ਸਿੱਖ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕਰਦਾ ਹੈ। 'ਗਰੀਬ ਦੀ ਰੱਖਿਆ' ਤੇ 'ਜਰਵਾਣੇ ਦੀ ਭਖਿਆ' ਲਈ ਸ਼ਸਤਰ ਦੀ ਵਰਤੋਂ ਅਤੇ ਯੁੱਧ ਤੋਂ ਗੁਰੇਜ਼ ਨਹੀਂ ਕਰਦਾ ਅਤੇ ਲੋੜ ਪੈਣ 'ਤੇ ਜਾਨ ਵਾਰ ਦਿੰਦਾ ਹੈ। ਇਹ ਹੈ ਸ਼ਹਾਦਤ।

## ਸ਼ਹਾਦਤ ਦੂਸਰੇ ਧਰਮਾਂ ਵਿਚ

ਬੁੱਧ ਧਰਮ ਨਰਕ-ਸੁਰਗ ਵਿਚ ਵਿਸ਼ਵਾਸ ਨਹੀਂ ਰੱਖਦਾ ਅਤੇ ਨਾ ਹੀ ਤਸ਼ੱਦਦ ਨੂੰ ਪਰਵਾਨ ਕਰਦਾ ਹੈ। ਇਸ ਧਰਮ ਦਾ ਮੁੱਖ ਸਿਧਾਂਤ ਅਹਿੰਸਾ ਹੈ। ਇਸ ਲਈ ਬੋਧੀਆਂ ਵਿਚ ਸ਼ਹਾਦਤ ਦਾ ਸਵਾਲ ਹੀ ਨਹੀਂ ਉਠਦਾ। ਜੈਨੀਆਂ ਦਾ ਵਿਸ਼ਵਾਸ ਵੀ ਇਸ ਮਾਮਲੇ ਵਿਚ ਵੱਖਰਾ ਨਹੀਂ ਹੈ। ਹਿੰਦੂ ਧਰਮ ਵਿਚ ਵੀ ਸ਼ਹਾਦਤ ਦਾ ਸਿਧਾਂਤ ਮੌਜੂਦ ਨਹੀਂ ਹੈ। ਸਵਾਮੀ ਰਾਮ ਤੀਰਥ ਦਾ ਵਿਚਾਰ ਹੈ ਕਿ ਹਿੰਦੂ ਮਤ ਵਿਚ ਜੀਵਨ ਪਰਮਾਤਮਾ ਦੀ ਦੇਣ ਹੈ ਅਤੇ ਇਸ ਲਈ ਇਹ ਪਵਿੱਤਰ ਹੈ ਅਤੇ ਇਸ ਨੂੰ ਕਿਸੇ ਮਨੁੱਖੀ ਕਾਰਜ ਲਈ ਕੁਰਬਾਨ ਨਹੀਂ ਕਰਨਾ ਚਾਹੀਦਾ। ਯਹੂਦੀ ਮਤ ਵਿਚ ਸ਼ਹੀਦੀ ਦਾ ਸੰਕਲਪ ਦੂਸਰੇ ਸਾਮੀ ਧਰਮਾਂ ਨਾਲੋਂ ਵੱਖਰਾ ਹੈ ਅਤੇ ਆਪਣੇ ਅਸੂਲਾਂ 'ਤੇ ਕਾਇਮ ਰਹਿੰਦਿਆਂ ਕਸ਼ਟ ਤੇ ਜਬਰ ਸਹਾਰਨ ਤਕ ਮਹਿਦੂਦ ਹੈ। ਇਸ ਵਿਚਾਰ ਅਧੀਨ ਮਸਾਦਾ ਦੇ ਸਾਕੇ ਵਿਚ ਯਹੂਦੀਆਂ ਨੇ ਲੜ ਕੇ ਮੁਕਾਬਲਾ ਕਰਨ ਨਾਲੋਂ ਆਤਮਘਾਤ ਨੂੰ ਤਰਜੀਹ ਦਿੱਤੀ। ਈਸਾਈ ਮਤ ਵਿਚ ਸ਼ਹੀਦੀ ਪਰੰਪਰਾ ਜੀਸਸ ਕ੍ਰਾਈਸਟ ਤੋਂ ਆਰੰਭ ਹੁੰਦੀ ਹੈ ਅਤੇ ਉਸ ਦੇ ਪੈਰੋਕਾਰ ਉਸ ਦੀ ਸ਼ਹੀਦੀ ਨੂੰ ਸਭ ਤੋਂ ਉੱਚੀ ਸ਼੍ਰੇਣੀ ਦੀ ਸ਼ਹੀਦੀ ਮੰਨਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਜੀਸਸ ਨੇ ਇਸ ਸ਼ਹੀਦੀ ਨਾਲੋਂ ਮਨੁੱਖਤਾ ਦੇ ਬਾਬਾ ਆਦਮ ਰਾਹੀਂ ਕੀਤੇ ਗੁਨਾਹਾਂ ਦਾ ਪ੍ਰਾਸ਼ਚਿਤ ਕੀਤਾ, ਜਿਸ ਦਾ ਫਾਇਦਾ ਉਸ ਦੇ ਪੈਰੋਕਾਰਾਂ ਨੂੰ ਉਪਲਬਧ ਹੈ। ਜੀਸਸ ਦੇ ਪਦ-ਚਿੰਨ੍ਹਾਂ 'ਤੇ ਚੱਲਦਿਆਂ ਸ਼ਹੀਦੀ ਪ੍ਰਾਪਤ ਕਰਨਾ ਇਕ ਫ਼ਖਰ ਸਮਝਿਆ ਜਾਂਦਾ ਹੈ। ਇਹ ਕੋਈ ਫਰਜ਼ ਨਹੀਂ ਹੈ। ਇਸਲਾਮ ਵਿਚ ਸ਼ਹਾਦਤ ਦਾ ਦਾਇਰਾ ਵਧੇਰੇ ਵਸੀਹ ਹੈ ਅਤੇ ਆਮ ਕਰਕੇ ਜੇਹਾਦ ਨਾਲ ਜੁੜਿਆ ਹੋਇਆ ਹੈ। ਸ਼ਹੀਦ ਸਚਾਈ ਅਤੇ ਆਪਣੇ ਵਿਸ਼ਵਾਸ ਖ਼ਾਤਰ ਯੁੱਧ ਕਰਦਾ ਹੈ ਅਤੇ ਜਾਨ ਕੁਰਬਾਨ ਕਰਕੇ ਦੂਸਰਿਆਂ ਲਈ ਰੋਲ ਮਾਡਲ ਬਣ ਜਾਂਦਾ ਹੈ। ਜੇਹਾਦੀ ਸ਼ਹੀਦ ਦੀ ਮੌਤ ਮਰਦਾ ਹੈ। ਜੇਕਰ ਉਹ ਰਣ ਵਿਚ ਮਰਦਾ ਵੀ ਨਹੀਂ, ਪਰ ਜੇਹਾਦ ਲਈ ਵਫ਼ਾਦਾਰ ਰਹਿੰਦਾ ਹੋਇਆ ਲੜਨ ਲਈ ਤਿਆਰ ਹੈ, ਉਸ ਨੂੰ ਸ਼ਹੀਦ ਹੀ ਸਮਝਿਆ ਜਾਂਦਾ ਹੈ। ਸ਼ਹੀਦ ਦੀ ਪਦਵੀ ਬਹੁਤ ਉੱਚੀ ਹੈ ਅਤੇ ਉਸ ਦੇ ਸਤਿਕਾਰ ਵਿਚ ਉਸ ਦਾ ਫਲ ਵੀ ਸੁਨਿਸ਼ਚਿਤ ਹੈ, ਜਿਹਾ ਕਿ:

- **ਖੂਨ ਦਾ ਪਹਿਲਾ ਕਤਰਾ ਡਿੱਗਣ 'ਤੇ ਉਸ ਦੇ ਸਾਰੇ ਗੁਨਾਹ ਬਖ਼ਸ਼ੇ ਜਾਂਦੇ ਹਨ।**
- **ਬਹਿਸ਼ਤ ਵਿਚ ਅਸਥਾਨ ਅਤੇ ਸਿਰ 'ਤੇ ਤਾਜ।**
- **੭੨ ਕੁਆਰੀਆਂ ਹੂਰਾਂ।**
- **੭੨ ਰਿਸ਼ਤੇਦਾਰਾਂ ਨੂੰ ਬਖ਼ਸ਼ਣ ਦਾ ਅਧਿਕਾਰ ਆਦਿ।**

ਸਿੱਖੀ ਵਿਚ ਸ਼ਹੀਦੀ ਦਾ ਸੰਕਲਪ ਬਿਲਕੁਲ ਵੱਖਰਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੱਬ ਪਿਆਰ ਦਾ ਮੁਜੱਸਮਾ ਹੈ। ਉਸ ਦੀ ਰਜ਼ਾ ਪਰਉਪਕਾਰੀ ਹੈ। ਉਸ ਦੇ ਪਿਆਰ ਦੇ ਪਾਤਰ ਬਣਨ ਲਈ ਉਸ ਦੀ ਰਜ਼ਾ ਨੂੰ ਸਮਝਣਾ ਤੇ ਉਸ 'ਤੇ ਚੱਲਣਾ ਜ਼ਰੂਰੀ ਹੈ ਅਤੇ ਉਸ ਦੀ ਰਜ਼ਾ 'ਚ ਰਹਿਣਾ ਮਨੁੱਖ ਦਾ ਧਰਮ ਹੈ। ਜੀਵਨ ਨੂੰ ਪਿਆਰ ਦੀ ਖੇਡ ਕਿਹਾ ਗਿਆ ਹੈ ਅਤੇ ਇਸੇ ਖੇਡ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੰਗਾਰਿਆ ਹੈ- "ਜਉ ਤਉ ਪ੍ਰੇਮ ਖੇਲਨ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥" ਇਹ ਖੇਡ ਮਨੁੱਖਤਾ ਦੇ ਪ੍ਰੇਮ ਤੇ ਸੇਵਾ ਦੀ ਹੈ। ਇਹ ਖੇਡ ਮੁਕੰਮਲ ਸਮਰਪਣ ਮੰਗਦੀ ਹੈ, ਸਿਰ ਦੇਣ ਵਿਚ ਝਿਜਕ ਦੀ ਗੁੰਜਾਇਸ਼ ਨਹੀਂ ਹੈ। ਸੀਸ ਦੇਣਾ (ਸ਼ਹੀਦੀ) ਇਕ ਫ਼ਰਜ਼ ਹੈ। ਕਿਸੇ ਲਾਲਚ, ਕਿਸੇ ਇਨਾਮ ਦਾ ਸਵਾਲ ਹੀ ਨਹੀਂ ਉਠਦਾ। ਬਹਿਸ਼ਤ/ਸੁਰਗ ਵਰਗੀ ਕਿਸੇ ਚੀਜ਼ ਵਿਚ ਸਿੱਖ ਵਿਸ਼ਵਾਸ ਨਹੀਂ ਰੱਖਦਾ। ਸਿੱਖ ਤਾਂ ਗੁਰੂ ਪਰਮੇਸ਼ਰ ਦੇ ਚਰਨ-ਕਮਲਾਂ ਦਾ ਭੌਰਾ ਹੈ ਅਤੇ ਇਸ ਮੌਜ ਵਿਚ ਅੰਤ ਅਰ ਆਦਿ ਰਹਿੰਦਾ ਹੈ। ਇਹ ਕਹਿਣਾ ਵੀ ਜ਼ਰੂਰੀ ਹੈ ਕਿ ਸਿੱਖੀ ਕਿਸੇ ਅਜਿਹੇ ਗੁਨਾਹਾਂ ਵਿਚ ਵਿਸ਼ਵਾਸ ਨਹੀਂ ਰੱਖਦੀ, ਜੋ ਮਨੁੱਖ ਨੂੰ ਆਦਮ ਤੋਂ ਵਿਰਾਸਤ ਵਿਚ ਮਿਲੇ ਹਨ ਅਤੇ ਜਿਸ ਲਈ ਪਸ਼ਚਾਤਾਪ ਦੀ ਲੋੜ ਹੈ। ਮਨੁੱਖਾ-ਜਨਮ ਸਜ਼ਾ ਕੱਟਣ ਲਈ ਨਹੀਂ ਬਲਕਿ 'ਗੋਬਿੰਦ ਮਿਲਣ ਕੀ ਬਰੀਆ' ਹੈ। ਧਰਤੀ ਧਰਮਸਾਲ ਹੈ ਜਿਸ ਵਿਚ 'ਹੁਕਮਿ ਰਜਾਈ' ਨੂੰ ਪਛਾਣਿਆ ਜਾ ਸਕਦਾ ਹੈ ਅਤੇ ਉਸ ਵਿਚ ਪ੍ਰੇਮ ਦੀ ਖੇਡ ਖੇਡਦਿਆਂ ਜੀਵਨ ਮੁਕਤੀ ਪ੍ਰਾਪਤ ਹੋ ਸਕਦੀ ਹੈ।

## ਜਾਨਵਰਾਂ ਦੀ ਕੁਰਬਾਨੀ

ਕੁਝ ਧਰਮਾਂ ਵਿਚ ਜਾਨਵਰਾਂ ਦੀ ਕੁਰਬਾਨੀ ਦਾ ਮਹੱਤਵਪੂਰਨ ਅਸਥਾਨ ਹੈ ਅਤੇ ਇਸ ਨੂੰ ਸ਼ਹਾਦਤ ਦਾ ਮੂਲ ਸਮਝਿਆ ਜਾਂਦਾ ਹੈ। ਨਾ-ਸਿਰਫ਼ ਕਬਾਇਲੀ ਧਰਮਾਂ ਵਿਚ, ਬਲਕਿ ਕੁਝ ਵੱਡੇ ਧਰਮਾਂ ਵਿਚ ਵੀ ਜਿਹਾ ਕਿ ਯਹੂਦੀ ਧਰਮ ਅਤੇ ਹਿੰਦੂਆਂ ਵਿਚ ਦੇਵੀ ਅਤੇ ਨਾਥ ਮੱਤ ਵਿਚ ਕੁਰਬਾਨੀ ਇਸ਼ਟ ਨੂੰ ਪ੍ਰਸੰਨ ਕਰਨ ਦਾ ਪ੍ਰਵਾਨਿਤ ਢੰਗ ਹੈ। ਹੈਰਾਨੀ ਵਾਲੀ ਗੱਲ ਹੈ ਕਿ ਕੁਝ ਮੱਤ ਅਹਿੰਸਾ ਵਿਚ ਵਿਸ਼ਵਾਸ ਰੱਖਦੇ ਹੋਏ ਵੀ ਜਾਨਵਰਾਂ ਦੀ ਕੁਰਬਾਨੀ ਨੂੰ ਜਾਇਜ਼ ਕਰਾਰ ਦਿੰਦੇ ਹਨ। ਦੇਵੀ ਪਤਨ ਵਿਚ ਭੈਰੋ ਮੰਦਰ ਦੇ ਸਾਲਾਨਾ ਮੇਲੇ ਸਮੇਂ ਸੈਂਕੜਿਆਂ ਦੀ ਗਿਣਤੀ ਵਿਚ ਮੱਝਾਂ, ਬੱਕਰੀਆਂ ਅਤੇ ਸੂਰ ਕੁਰਬਾਨ ਕੀਤੇ ਜਾਂਦੇ ਹਨ ਅਤੇ ਖੂਨ ਦਾ ਟਿੱਕਾ ਨਾਥ ਅਤੇ ਹੋਰ ਸ਼ਰਧਾਲੂਆਂ ਨੂੰ ਲਗਾਇਆ ਜਾਂਦਾ ਹੈ। ਕਾਲਕੀ ਪੁਰਾਨ ਜੋ ਸਾਕਤ ਮੱਤ ਦੀ ਧਰਮ ਪੁਸਤਕ ਹੈ, ਵਿਚ ਆਦਮੀਆਂ ਦੀ ਕੁਰਬਾਨੀ ਦੇਣ 'ਤੇ ਵੀ ਇਕ ਅਧਿਆਇ ਹੈ। ਨਾਥ ਮੱਤ ਦੀਆਂ ਰਸਮਾਂ ਵੀ ਇਹੋ ਜਿਹੀਆਂ ਹੀ ਹਨ। ਗੋਰਖਨਾਥ ਦੀ ਦੇਣ ਇਹ ਹੈ ਕਿ ਉਸ ਨੇ ਆਦਮੀਆਂ ਦੀ ਥਾਂ ਜਾਨਵਰਾਂ ਦੀ ਕੁਰਬਾਨੀ ਪ੍ਰਚਲਤ ਕੀਤੀ। ਸਿੱਖੀ ਵਿਚ ਇਸ ਕਿਸਮ ਦੇ ਜੀਅ ਘਾਤ ਦੀ ਕੋਈ ਥਾਂ ਨਹੀਂ। ਗੁਰਬਾਣੀ ਇਸ ਦੀ ਨਿਖੇਧੀ ਕਰਦੀ ਹੈ :

**ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥**
**ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥** (ਪੰਨਾ: ੧੧੦੩)

ਇਸ ਕਿਸਮ ਦੀ ਕੁਰਬਾਨੀ ਦਾ ਸ਼ਹੀਦੀ ਨਾਲ ਕੋਈ ਸਬੰਧ ਨਹੀਂ ਹੈ। ਇਹ ਕੁਰਬਾਨੀ ਆਪਣੇ ਸੁਆਰਥ ਦੀ ਪੂਰਤੀ ਲਈ ਕਿਸੇ ਦੇਵੀ-ਦੇਵਤੇ ਨੂੰ ਖ਼ੁਸ਼ ਕਰਨ ਲਈ ਜੀਅ ਘਾਤ ਰਾਹੀਂ ਦਿੱਤੀ ਜਾਂਦੀ ਹੈ। ਇਸ ਦੇ ਉਲਟ ਸਿੱਖੀ ਵਿਚ ਸ਼ਹਾਦਤ ਧਰਮ ਅਥਵਾ ਦੀਨ ਕੀ ਰੱਖਿਆ ਲਈ ਆਪਣਾ ਫ਼ਰਜ਼ ਸਮਝ ਕੇ ਦਿੱਤੀ ਜਾਂਦੀ ਹੈ। ਸ਼ਹਾਦਤ ਨਿਸ਼ਕਾਮ ਹੈ ਅਤੇ ਸ਼ਹੀਦ ਆਪਣੀ ਜਾਨ ਕੁਰਬਾਨ ਕਰਦਾ ਹੈ, ਕਿਸੇ ਹੋਰ ਜੀਵ ਦੀ ਨਹੀਂ।

## ਇਤਿਹਾਸਕ ਪਰਿਪੇਖ

ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ ਜਿਸ ਦੇ ਹਰ ਪਤਰੇ ਤੋਂ ਖ਼ੂਨ ਡੁਲ੍ਹਦਾ ਹੈ। ਗੁਰੂ ਸਾਹਿਬਾਨ ਨੇ ਜਿਥੇ ਪ੍ਰੇਮ ਖੇਲਣ ਲਈ ਤਲੀ 'ਤੇ ਸਿਰ ਧਰ ਕੇ ਨਿੱਤਰਨ ਲਈ ਵੰਗਾਰਿਆ ਹੈ, ਉਥੇ ਇਸ 'ਤੇ ਆਪ ਅਮਲ ਕਰਕੇ ਸ਼ਹੀਦੀ ਦਾ ਸਬਕ ਦ੍ਰਿੜ੍ਹ ਕਰਾਇਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖੀ ਦਾ ਵਧਦਾ ਰਸੂਖ ਜਹਾਂਗੀਰ ਨੂੰ ਨਾ ਭਾਇਆ।

ਉਸ ਨੇ ਇਸ ਨੂੰ ਇਸਲਾਮ ਧਰਮ ਅਤੇ ਉਸ ਦੀ ਆਪਣੀ ਸਲਤਨਤ ਨੂੰ ਚੁਣੌਤੀ ਜਾਣਿਆ। ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਹਫ਼ਤਾ-ਭਰ ਤਸੀਹੇ ਦਿੱਤੇ, ਤਾਂ ਕਿ ਗੁਰੂ ਜੀ ਆਪਣਾ ਧਰਮ ਤਿਆਗ ਕੇ ਇਸਲਾਮ ਕਬੂਲ ਕਰ ਲੈਣ, ਪਰੰਤੂ ਗੁਰੂ ਜੀ ਅਡੋਲ ਡਟੇ ਰਹੇ ਅਤੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਾ ਜਾਮ ਪੀ ਗਏ। ਇਹੋ ਕਹਾਣੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਮੇਂ ਦੁਹਰਾਈ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਸਰਬੰਸਦਾਨੀ ਹੋ ਨਿਬੜੇ। ਉਨ੍ਹਾਂ ਤੋਂ ਇਲਾਵਾ ਉਨ੍ਹਾਂ ਦੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਜੀ ਵੀ ਸ਼ਹੀਦੀ ਨੂੰ ਪ੍ਰਾਪਤ ਹੋਏ। ਸ਼ਹੀਦੀ ਪਰੰਪਰਾ ਦੀ ਨੀਂਹ ਪੱਕੀ ਹੋ ਗਈ।

ਗੁਰੂ ਸਾਹਿਬਾਨ ਦੀ ਨਿੱਜੀ ਮਿਸਾਲ ਤੇ ਪ੍ਰੇਰਨਾ ਲੈ ਕੇ ਅਨੇਕਾਂ ਸਿੰਘ, ਸਿੰਘਣੀਆਂ ਅਤੇ ਬੱਚੇ ਸ਼ਹੀਦੀਆਂ ਪਾ ਗਏ। ਉਨ੍ਹਾਂ ਨੂੰ ਹਰ ਸਿੱਖ ਹਰ ਰੋਜ਼ ਸਵੇਰੇ-ਸ਼ਾਮ ਅਰਦਾਸ ਵਿਚ ਯਾਦ ਕਰਦਾ ਹੈ ਅਤੇ ਸ਼ਰਧਾ ਭੇਟ ਕਰਦਾ ਹੈ। ਪੰਜ ਪਿਆਰੇ, ਚਾਲ੍ਹੀ ਮੁਕਤੇ, ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ ੭੦੦ ਸਾਥੀ, ਬਾਬਾ ਗੁਰਬਖ਼ਸ਼ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਬਾਬਾ ਬੋਤਾ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਬਾਬਾ ਤਾਰਾ ਸਿੰਘ ਜੀ, ਸਰਦਾਰ ਹਰੀ ਸਿੰਘ ਨਲੂਆ, ਬਾਬਾ ਫੂਲਾ ਸਿੰਘ ਜੀ ਅਤੇ ਹੋਰ ਅਨਗਿਣਤ ਸਿੰਘਾਂ ਦੇ ਨਾਂ ਸਿੱਖ ਇਤਿਹਾਸ ਵਿਚ ਸਿਤਾਰਿਆਂ ਵਾਂਗ ਚਮਕ ਰਹੇ ਹਨ। ਸੱਚਾਈ ਦੀ ਜੰਗ ਜਾਰੀ ਰਹੀ ਹੈ ਅਤੇ ਰਹਿੰਦੀ ਦੁਨੀਆ ਤਕ ਜਾਰੀ ਰਹੇਗੀ ਅਤੇ ਗੁਰੂ ਕੇ ਸਿੱਖ ਸੱਚਾਈ ਵਾਲੇ ਪਾਸੇ ਜੂਝਦੇ ਰਹਿਣਗੇ। ਸ਼ਹੀਦਾਂ ਦੀ ਲੜੀ ਖ਼ਤਮ ਨਹੀਂ ਹੋਈ, ਇਹ ਲੰਮੀ ਹੁੰਦੀ ਰਹੇਗੀ ਅਤੇ ਕੌਮ ਦਾ ਸਿਰ ਉੱਚਾ ਹੁੰਦਾ ਰਹੇਗਾ।

## ਸਿੱਟਾ

ਸ਼ਹਾਦਤ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ। ਸ਼ਹਾਦਤ ਦਾ ਸਿੱਖ ਸੰਕਲਪ ਉੱਚਤਮ ਅਤੇ ਬੇਮਿਸਾਲ ਹੈ। ਸ਼ਹੀਦੀ ਦਾ ਸਬਕ ਗੁਰੂ ਸਾਹਿਬਾਨ ਨੇ ਨਿੱਜੀ ਮਿਸਾਲ ਰਾਹੀਂ ਦ੍ਰਿੜ੍ਹ ਕਰਾਇਆ ਹੈ। ਗੁਰੂ ਸਾਹਿਬਾਨ ਦੀ ਪ੍ਰੇਰਨਾ ਸਦਕਾ ਸਿੱਖਾਂ ਨੇ ਅਨਗਿਣਤ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ। ਅਸੀਂ ਆਪਣੇ ਸ਼ਹੀਦਾਂ 'ਤੇ ਜਿੰਨਾ ਵੀ ਫ਼ਖ਼ਰ ਕਰੀਏ, ਥੋੜ੍ਹਾ ਹੈ। ਸ਼ਹੀਦ ਆਪਣੀ ਮੌਤ ਰਾਹੀਂ ਕੌਮ ਨੂੰ ਜੀਵਨ ਬਖ਼ਸ਼ਦਾ ਹੈ (ਸ਼ਹੀਦ ਕੀ ਜੋ ਮੌਤ ਹੈ, ਵੁਹ ਕੌਮ ਦੀ ਹਯਾਤ ਹੈ- ਇਕਬਾਲ)। ਅਸੀਂ ਅਰਦਾਸ ਵਿਚ ਆਪਣੇ ਸ਼ਹੀਦਾਂ ਨੂੰ ਯਾਦ ਕਰਦੇ ਹਾਂ।■■

# ਪੰਜਾਬੀ ਪਰੰਪਰਾ 'ਚ ਸ਼ਹੀਦੀ ਰੁਤਬਾ

'ਸ਼ਹਾਦਤ' ਅਰਬੀ ਮੂਲ ਦਾ ਲਫਜ਼ ਹੈ। ਪ੍ਰਮੁਖ ਤੌਰ 'ਤੇ ਸ਼ਹਾਦਤ ਦਾ ਸੰਕਲਪ ਇਸਾਈ ਮਤਿ, ਇਸਲਾਮ ਅਤੇ ਸਿੱਖ ਮਤਿ ਵਿਚ ਪ੍ਰਚਲਿਤ ਹੈ। ਜਦੋਂ ਇਸਲਾਮੀ ਸੱਭਿਅਤਾ ਹਿੰਦੁਸਤਾਨ ਉਤੇ ਭਾਰੂ ਹੋਈ ਤਾਂ ਸ਼ਹੀਦ ਦਾ ਸੰਕਲਪ ਵੀ ਇਸ ਨਾਲ ਇੱਥੇ ਪੁੱਜਾ। ਇਸਲਾਮ ਵਿਚ ਵੀਹ ਕਿਸਮ ਦੀ ਮੌਤ ਮਰਨ ਵਾਲਿਆਂ ਨੂੰ ਸ਼ਹੀਦੀ ਦਰਜਾ ਮਿਲਦਾ ਹੈ। ਸੁਲਤਾਨ ਮਹਿਮੂਦ ਗਜ਼ਨੀ ਦਾ ਭਤੀਜਾ ਗਾਜ਼ੀ ਮੀਆਂ (ਸਲਾਰ ਮਸੂਦ) ਸ਼ਾਇਦ ਹਿੰਦ ਵਿਚ ਪਹਿਲਾ ਮੁਸਲਮਾਨ ਸ਼ਹੀਦ ਸੀ ਜੋ ਕਿ 'ਕਾਫਿਰਾਂ' ਵਿਰੁੱਧ ਜੇਹਾਦ ਵਿਚ ਮਰਿਆ। ਇਸ ਨੂੰ ਸ਼ਹੀਦੀ ਰੁਤਬਾ ਮਿਲਿਆ ਅਤੇ ਇਸ ਦੀ ਮਜ਼ਾਰ ਦੀ ਪੂਜਾ ਅੱਜ ਤੱਕ ਹਿੰਦੂ ਮੁਸਲਮਾਨ ਦੋਨੋਂ ਕਰਦੇ ਹਨ। ਫ਼ਿਰੋਜ਼ਪੁਰ ਐਸ.ਐਸ.ਪੀ. ਦੀ ਕੋਠੀ ਦੀ ਕੰਧ ਨਾਲ ਜਿਸ ਪੀਰ ਬਹਾਵਲ ਸ਼ਾਹ ਦਾ ਮਜ਼ਾਰ ਹੈ ਉਸ ਦੇ ਸੁੱਤੇ ਪਏ ਦੇ ਸਰ੍ਹਾਣੇ ਚੋਰ, ਚੋਰੀ ਦਾ ਮਾਲ ਭੇਟ ਕਰ ਗਿਆ ਸੀ ਜੋ ਮਗਰੇ ਆਉਂਦੀ ਵਾਹਰ ਨੇ ਬਰਾਮਦ ਕਰ ਲਿਆ ਅਤੇ ਇਸ ਨੂੰ ਚੋਰ ਸਮਝ ਕੇ ਮਾਰ ਦਿੱਤਾ। ਨਾ-ਹੱਕ ਮਾਰੇ ਜਾਣ ਕਾਰਨ ਇਹ ਵੀ ਸ਼ਹੀਦ ਅਖਵਾਇਆ ਅਤੇ ਇਸ ਦੀ ਮਜਾਰ ਉੱਤੇ ਚੰਗੀ ਰੌਣਕ ਲੱਗਦੀ ਹੈ।

ਕੌਮਾਂ ਦੇ ਸੱਭਿਆਚਾਰਕ ਪ੍ਰਭਾਵ ਨੂੰ ਨਸ਼ਟ ਕਰਨ ਲਈ ਅਪਣਾਇਆ ਗਿਆ ਇਕ ਤਰੀਕਾ ਇਹ ਵੀ ਹੈ ਕਿ ਉਸ ਦੇ ਨਿਰਣਾਇਕ ਅਕੀਦਿਆਂ ਨੂੰ ਪ੍ਰਗਟ ਕਰਦੇ ਸ਼ਬਦ ਅਤੇ ਨਾਵਾਂ ਇਤਿਆਦਿ ਨੂੰ ਨਵੇਂ ਅਤੇ ਕਈ ਵਾਰੀ ਵਿਰੋਧੀ ਅਰਥ ਪ੍ਰਦਾਨ ਕੀਤੇ ਜਾਣ। ਧਰਮਾਂ ਦੇ ਇਤਿਹਾਸ ਵਿਚ ਇਹ ਵਰਤਾਰਾ ਕਈ ਵਾਰ ਵਰਤਿਆ ਹੈ। ਆਰੀਆਂ ਤੋਂ ਬਾਅਦ ਇਰਾਨ ਵਿਚ ਵੱਸਣ ਵਾਲੇ ਪਾਰਸੀਆਂ ਦੀਆਂ ਧਰਮ ਪੁਸਤਕਾਂ ਨੇ ਇੰਦਰ ਨੂੰ ਦਾਨਵ ਰੂਪ ਵਿਚ ਚਿਤਰਿਆ। ਹਿੰਦ ਵਿਚ ਆਰੀਆਂ ਨੇ ਦ੍ਰਾਵਿੜ ਸੱਭਿਅਤਾ ਖ਼ਤਮ ਕਰਨ ਲਈ ਰਾਵਣ ਨੂੰ ਬੁਰਾਈ ਦਾ ਪ੍ਰਤੀਕ ਬਣਾ ਧਰਿਆ। ਇਉਂ ਇਤਿਹਾਸ ਵਿਚ ਅਨੇਕਾਂ ਦੇਵਤਿਆਂ ਦਾ ਦਾਨਵੀਕਰਣ ਹੋਇਆ।

ਸੁਲਹ ਕੁੱਲ ਸਿੱਖ ਧਰਮ ਨੇ ਨਵੀਂ ਪਿਰਤ ਪਾਈ ਜਿਸ ਨੂੰ ਭਾਈ ਗੁਰਦਾਸ ਉਲਟੀ ਗੰਗ ਵਗਾਈਅਨ ਕਹਿੰਦੇ ਹਨ। ਸਿੱਖੀ ਨੇ ਸੱਭਿਆਚਾਰਕ ਮਸਲਿਆਂ ਵਿਚ ਵੱਡੀਆਂ ਲਕੀਰਾਂ ਖਿੱਚਣ ਦੀ ਰੀਤ ਚਲਾਈ। ਕਿਉਂਕਿ ਭਾਈ ਸੰਤੋਖ ਸਿੰਘ ਦੇ ਅਮਰ ਬਚਨਾਂ ਅਨੁਸਾਰ 'ਹਮ ਲੇ ਜਾਣੋ ਪੰਥ ਉਚੇਰੇ' ਦਾ ਸੰਕਲਪ ਸੀ। ਨਵੇਂ ਇਤਿਹਾਸਕ ਸੰਦਰਭ ਵਿਚ ਸ਼ਹਾਦਤ ਦੇ ਮੁੱਢਲੇ ਅਰਥਾਂ ਨੂੰ ਕਾਇਮ ਰੱਖ ਕੇ ਇਸ ਦੇ ਨਵੇਂ ਪਹਿਲੂ ਸਿਰਜੇ ਗਏ ਜੋ ਕਿ ਸਮੇਂ ਨਾਲ ਸਮੂਹਿਕ ਮਨੁੱਖੀ ਮਨ ਵਿਚ ਅਮਿੱਟ ਯਾਦਾਂ ਅਤੇ ਸ਼ਰਧਾ ਭਰਪੂਰ, ਨਿਗਰ ਬਿੰਬ ਬਣ ਕੇ ਸਮਾ ਗਏ। ਸਿੱਖਾਂ ਦੇ ਕੌਮੀ ਜੀਵਨ ਦੇ ਜੋ ਮੁੱਢਲੇ ਆਧਾਰ ਬਣੇ ਉਨ੍ਹਾਂ ਵਿਚ ਹੈ 'ਸ਼ਹਾਦਤ ਦਾ ਸੰਕਲਪ'। ਇਹ ਨੀਹਾਂ ਇੰਨੀਆਂ ਪ੍ਰਪੱਕ ਹਨ ਕਿ ਹਰ ਸਿੱਖ ਰੋਜ਼ ਇਕ ਤੋਂ ਵੱਧ ਵਾਰੀ ਸ਼ਹੀਦਾਂ ਮੁਰੀਦਾਂ, ਹਠੀਆਂ ਨੂੰ ਅਰਦਾਸ ਵਿਚ ਚਿਤਾਰਦਾ ਹੈ ਅਤੇ ਉਸ ਯਾਦ ਤੋਂ ਇਤਿਹਾਸ ਸਿਰਜਣ ਦੀ ਅਥਾਹ ਸ਼ਕਤੀ ਹਾਸਲ ਕਰਦਾ ਹੈ। ਸਿੱਖਾਂ ਦੇ ਦੋਸਤ ਨਹੀਂ ਜਾਣਦੇ ਪਰ ਵਿਰੋਧੀ ਸਪੱਸ਼ਟ ਹਨ ਕਿ ਇਸ ਬਿੰਬ ਦਾ ਤਿੜਕ ਜਾਣਾ ਸਿੱਖ ਕੌਮੀ ਜੀਵਨ ਲਈ ਬੇਹੱਦ ਘਾਤਕ ਸਿੱਧ ਹੋ ਸਕਦਾ ਹੈ।

ਜ਼ਾਹਰ ਹੈ ਕਿ ਹਿੰਦੁਸਤਾਨੀਆਂ ਵਿਚੋਂ ਸ਼ਹੀਦੀ ਪਰੰਪਰਾ ਨੂੰ ਨਵੇਂ ਨਰੋਏ ਰੂਪ ਵਿਚ ਕੇਵਲ ਅਤੇ ਕੇਵਲ ਸਿੱਖਾਂ ਨੇ ਹੀ ਅਪਣਾਇਆ ਸੀ ਅਤੇ ਅੱਜ ਤੱਕ ਇਹ ਇਸ ਦੇ ਵਾਹਦ ਪੈਰੋਕਾਰ ਚਲੇ ਆਉਂਦੇ ਹਨ। ਕਿਸੇ ਵੀ ਲੇਖੇ-ਜੋਖੇ ਅਨੁਸਾਰ ਸ਼ਹਾਦਤ ਦਾ ਦਰਜਾ ਪ੍ਰਾਪਤ ਕਰਨ ਵਾਲੇ ਸਭ ਤੋਂ ਵੱਧ ਸਿੱਖ ਹੀ ਹਨ। ਇਸ ਲਈ ਇਸ ਸ਼ਬਦ ਦੀ ਵਿਆਖਿਆ ਅਤੇ ਇਸ ਦਾ ਪ੍ਰੀਭਾਸ਼ਾ ਨਿਰਧਾਰਨ ਕੇਵਲ ਸਿੱਖ ਅਕੀਦਿਆਂ, ਸਿੱਖ-ਇਤਿਹਾਸ ਅਤੇ ਪਰੰਪਰਾ ਦੇ ਸੰਦਰਭ ਵਿਚ ਹੋ ਸਕਦਾ ਹੈ। 'ਸ਼ਹੀਦ' ਸ਼ਬਦ ਦੇ ਉਹੋ ਅਰਥ ਜਾਇਜ਼ ਹਨ ਜਿਨ੍ਹਾਂ ਨੂੰ ਕਾਇਮ ਰੱਖਣ ਲਈ ਮਹਾਂ ਪਰਉਪਕਾਰੀ ਖ਼ਾਲਸਾ ਪੰਥ ਦੇ ਅਨੇਕਾਂ ਕਾਫ਼ਲੇ ਇਸ ਰਾਹ ਉਤੋਂ ਹੋ ਗੁਜ਼ਰੇ ਹਨ। ਅਜਿਹਾ ਨਾ ਕਰਨਾ ਅਨਰਥ ਕਰਨਾ ਹੈ। ਅਰਥ ਸ਼ਬਦ ਤੋਂ ਪੰਜਾਬੀ ਵਾਲੇ 'ਮਾਇਨਾ' ਸਮਝਦੇ ਹਨ, ਅੰਗਰੇਜ਼ੀ ਬੋਲੀ ਵਾਲੇ 'ਧਰਤੀ' ਅਤੇ ਸੰਸਕ੍ਰਿਤ ਵਾਲੇ 'ਦਰਬ' ਜਾਂ 'ਪਦਾਰਥ'। ਜੇ ਤਿੰਨੋ ਆਪੋ ਆਪਣੇ ਤਸੱਵਰ ਉਤੇ ਕਾਇਮ ਰਹਿਣ ਤਾਂ ਕਿਸੇ ਕਿਸਮ ਦਾ ਅਰਥ ਭਰਪੂਰ ਵਾਰਤਾਲਾਪ ਸੰਭਵ ਨਹੀਂ।■■

# ਜੀਵਤ ਕਈ ਹਜ਼ਾਰ

**ਬਲਜੀਤ ਸਿੰਘ ਖ਼ਾਲਸਾ***

ਸਿੱਖ ਪ੍ਰਚਾਰਕਾਂ ਵਲੋਂ ਵੱਡੇ-ਵੱਡੇ ਇਕੱਠਾਂ ਵਿਚ ਧਨੀ ਰਾਮ ਚਾਤ੍ਰਿਕ ਰਚਿਤ ਇਹ ਕਬਿੱਤ ਆਮ ਪੜ੍ਹਿਆ ਜਾਂਦਾ ਹੈ:

**ਦੇਸ਼ ਨੂੰ ਬਚਾਇਆ ਪਾਪ ਰਾਜ ਨੂੰ ਹਟਾਇਆ ਅਤੇ**
**ਰੁੜ੍ਹੀ ਜਾਂਦੀ ਹਿੰਦ ਤਾਈਂ ਧੀਰਜ ਬੰਨ੍ਹਾਇਆ**
**ਕਿਨ ?**
**ਮੋਇਆਂ ਨੂੰ ਜਿਵਾਇਆ, ਸ਼ੇਰ ਗਿੱਦੜੋਂ ਬਣਾਇਆ**
**ਨਾਲ ਜ਼ਾਲਮਾਂ ਲੜਾ ਕੇ, ਝੰਡਾ ਧਰਮ ਦਾ ਝੁਲਾਇਆ**
**ਕਿਨ ?**
**ਖ਼ਾਲਸਾ ਸਜਾਇਆ, ਦੀਨ ਦੁਖੀ ਨੂੰ ਛੁਡਾਇਆ,**
**ਰਾਜ ਯੋਗ ਸਿਖਲਾਇਆ ਤੇ ਅਨੰਦ ਏ ਦਿਖਾਇਆ**
**ਕਿਨ ?**
**ਸ੍ਰੀ ਦਸਮੇਸ਼ ਬਿਨ ਦੇਸ਼ ਹਿੱਤ ਦੱਸੋ ਕੋਈ**
**ਅੱਖੀਆਂ ਦੇ ਸਾਹਵੇਂ ਸਕੇ ਪੁੱਤਾਂ ਨੂੰ ਕੁਹਾਇਆ**
**ਕਿਨ ?**

ਪਰ ਕੀ ਇਨ੍ਹਾਂ ਕੁਰਬਾਨੀਆਂ ਪਿਛਲੇ ਮੂਲ ਫ਼ਲਸਫ਼ੇ ਨੂੰ ਦੇਸ਼-ਕਾਲ ਦੀਆਂ ਸੀਮਿਤ ਹੱਦਾਂ ਅੰਦਰ ਕੈਦ ਕਰ ਦੇਣਾ ਗੁਰੂ ਸਾਹਿਬ ਦੀ ਵਡਿਆਈ ਹੈ ? ਪਤਾ ਨਹੀਂ ਕੁਝ ਵਿਦਵਾਨ ਇਸ ਹਕੀਕਤ ਨੂੰ ਸਮਝਣ ਤੋਂ ਕਿਉਂ ਅਸਮਰੱਥ ਹਨ ਕਿ ਸਿੱਖ ਲਹਿਰ ਦੀ ਮੁਗ਼ਲ ਹਕੂਮਤ ਨਾਲ ਟੱਕਰ ਜਿਸ ਸਿਧਾਂਤ ਦੇ ਤਹਿਤ ਹੋਈ ਸੀ, ਉਹ ਸਿਧਾਂਤ ਦੇਸ਼-ਕਾਲ ਦੀਆਂ ਹੱਦਾਂ ਅਤੇ ਵਲਗਣਾਂ ਤੋਂ ਬਹੁਤ ਉਚੇਰਾ ਹੈ, ਜਿਸ ਵਿਚ ਦੇਸੀ ਅਤੇ ਵਿਦੇਸ਼ੀ ਦੇ ਆਧਾਰ 'ਤੇ ਨਹੀਂ, ਬਲਕਿ ਨੇਕੀ ਅਤੇ ਬਦੀ ਦੇ ਅਮਲ ਉਤੇ ਵਿਰੋਧ ਅਥਵਾ ਹਮਾਇਤ ਦਾ ਫ਼ੈਸਲਾ ਹੁੰਦਾ ਹੈ। ਰਾਜਾ ਅਥਵਾ ਪਰਜਾ ਦੇ ਸਬੰਧੀ ਇਹ ਸਿਧਾਂਤ ਸਪਸ਼ਟ ਐਲਾਨ ਕਰਦਾ ਹੈ: "**ਕੋਊ ਹਰਿ ਸਮਾਨਿ ਨਹੀ ਰਾਜਾ॥**" (ਅੰਗ-੮੪੬)

ਇਸ ਮਹਾਨ ਸਿਧਾਂਤ ਦਾ ਉਦੇਸ਼ ਦੁਨਿਆਵੀਂ ਹਾਕਮਾਂ ਦੀ ਹਕੂਮਤ ਨੂੰ ਮੁਕੰਮਲ ਰੱਦ ਕਰਨਾ ਵੀ ਨਹੀਂ, ਬਲਕਿ ਅਕਾਲ ਪੁਰਖ ਦੀ ਫ਼ੌਜ ਵਜੋਂ ਵਿਚਰਦੀ ਸਿੱਖ ਲਹਿਰ ਨੇ ਇਹ ਵੇਖਣਾ ਸੀ:

"**ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥**" (ਅੰਗ-੧੦੮੮)

ਸਿੱਖ ਲਹਿਰ ਦੀ ਸ਼ੁਰੂਆਤ ਵਿਚ ਹੀ ਹਿੰਦੁਸਤਾਨ ਅੰਦਰ ਮੁਗ਼ਲ ਹਕੂਮਤ ਦੀ ਆਮਦ ਬੜੇ ਹੀ ਵਹਿਸ਼ੀ ਢੰਗ ਨਾਲ ਹੋਈ ਸੀ। ਇਸ ਵਹਿਸ਼ੀਆਨਾ ਜ਼ੁਲਮ ਦਾ ਜ਼ੋਰਦਾਰ ਵਿਰੋਧ ਕਰਨ ਕਰਕੇ ਗੁਰੂ ਨਾਨਕ ਸਾਹਿਬ ਨੂੰ ਕੈਦ ਵਿਚ ਪੈ ਕੇ ਚੱਕੀਆਂ ਵੀ ਪੀਹਣੀਆਂ ਪਈਆਂ ਸਨ, ਪਰ ਇਸ ਨਾਲ ਗੁਰੂ ਸਾਹਿਬ ਮੁਗ਼ਲ ਹਾਕਮ ਬਾਬਰ ਨੂੰ ਰਾਜੇ ਦੇ ਫ਼ਰਜ਼ਾਂ ਦਾ ਅਹਿਸਾਸ ਕਰਵਾ ਕੇ, ਜ਼ੁਲਮ ਦਾ ਦੌਰ ਬੰਦ ਕਰਵਾਉਣ ਵਿਚ ਸਫ਼ਲ ਹੋ ਗਏ ਸਨ।

ਦਰਅਸਲ ਮੁਗ਼ਲਸ਼ਾਹੀ ਨੇ ਸਿੱਖ ਲਹਿਰ ਦੀ ਰੂਹਾਨੀ ਤਾਕਤ ਦਾ ਅੰਦਾਜ਼ਾ ਬਾਬਰ ਦੇ ਸਮੇਂ ਹੀ ਲਗਾ ਲਿਆ ਸੀ ਅਤੇ ਇਸ ਨਾਲ ਟਕਰਾਅ ਦਾ ਰਸਤਾ ਨਾ ਅਪਨਾਉਣ ਦਾ ਦੂਰਅੰਦੇਸ਼ੀ ਭਰਿਆ ਫ਼ੈਸਲਾ ਕਰ ਲਿਆ ਸੀ। ਜਹਾਂਗੀਰ ਦੇ ਸਮੇਂ ਇਸ ਨੀਤੀ ਦਾ ਤਿਆਗ ਮੁਲਾਣਿਆਂ ਦੇ ਦਬਾਅ ਹੇਠ ਕੀਤਾ ਗਿਆ ਜਿਸ ਦਾ ਸਿੱਟਾ ਗੁਰੂ ਅਰਜਨ ਸਾਹਿਬ ਜੀ ਦੀ ਸ਼ਾਂਤਮਈ ਸ਼ਹਾਦਤ ਅਤੇ ਸਿੱਖਾਂ ਦੇ ਸ਼ਸਤਰਧਾਰੀ ਹੋ ਕੇ ਹਕੂਮਤ ਨਾਲ ਸਿੱਧੀ ਟੱਕਰ ਵਿਚ ਨਿਕਲਿਆ। ਛੇਤੀ ਹੀ ਮੁਗ਼ਲ ਹਕੂਮਤ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਅਤੇ ਉਸ ਨੂੰ ਸਿੱਖ ਲਹਿਰ ਨਾਲ ਸਮਝੌਤਾ ਕਰਨ 'ਤੇ ਮਜ਼ਬੂਰ ਹੋਣਾ ਪਿਆ।

ਫਿਰ ਇਸ ਪੱਖੋਂ ਮੁਗ਼ਲ ਹਕੂਮਤ ਬੜੀ ਸਾਵਧਾਨੀ ਨਾਲ ਚੱਲਦੀ ਰਹੀ। ਉਸ ਉਪਰੰਤ ਸਿੱਖ ਲਹਿਰ ਦੀ ਮੁਗ਼ਲ ਹਕੂਮਤ ਨਾਲ ਸਭ ਤੋਂ ਭਿਆਨਕ ਟੱਕਰ ਦਾ ਕਾਰਨ ਸੀ ਹਕੂਮਤੀ ਜਬਰ-ਜ਼ੁਲਮ ਦੀ ਸ਼ਿਕਾਰ ਹਿੰਦੂ ਧਿਰ ਦਾ ਆਪਣੇ ਬਚਾਅ ਲਈ ਸਿੱਖ ਲਹਿਰ ਦੀ ਸ਼ਰਨ ਵਿਚ ਆ ਜਾਣਾ। ਇਹ ਇਕ ਅਜਿਹੀ ਘਟਨਾ ਸੀ, ਜਿਸ ਨੇ ਇਤਿਹਾਸ ਦਾ ਰੁਖ਼ ਹੀ ਮੋੜ ਦਿੱਤਾ ਅਤੇ ਸਿੱਖ ਲਹਿਰ ਨੇ ਧਰਮ ਦੇ ਨਾਂ 'ਤੇ ਜ਼ੁਲਮੀ ਦੌਰ ਚਲਾਉਣ ਵਾਲੀ ਮੁਗ਼ਲ ਹਕੂਮਤ ਨੂੰ ਧਰਮ ਅਤੇ ਧਰਮੀ ਦੀ ਪਛਾਣ ਕਰਵਾਉਣ ਦਾ ਨਿਰਣਾ ਲੈ ਲਿਆ। ਬੜੇ ਡੂੰਘੇ ਅਰਥ ਸਨ ਗੁਰੂ ਤੇਗ ਬਹਾਦਰ ਸਾਹਿਬ ਜੀ ਵਲੋਂ ਆਪਣੀ ਸ਼ਰਨ ਵਿਚ ਆਏ ਬ੍ਰਾਹਮਣਾਂ ਨੂੰ ਕਹੇ ਇਨ੍ਹਾਂ ਸ਼ਬਦਾਂ ਵਿਚ ਕਿ "ਜਾਓ, ਜਾ ਕੇ ਔਰੰਗਜ਼ੇਬ ਨੂੰ ਕਹਿ ਦਿਓ ਕਿ ਜੇਕਰ ਉਹ ਗੁਰੂ ਤੇਗ ਬਹਾਦਰ ਦਾ ਧਰਮ ਬਦਲੀ ਕਰਵਾ ਲਵੇ ਤਾਂ ਅਸੀਂ ਸਾਰੇ ਆਪਣੇ ਆਪ ਹੀ ਮੁਸਲਮਾਨ ਬਣ ਜਾਵਾਂਗੇ।"

ਇਨ੍ਹਾਂ ਸ਼ਬਦਾਂ ਰਾਹੀਂ ਮੁਗ਼ਲ ਹਕੂਮਤ ਨੂੰ ਲਲਕਾਰ ਕੇ ਹਿੰਦੂ ਪਰਜਾ 'ਤੇ ਵਰ੍ਹ ਰਹੀ ਹਕੂਮਤੀ-ਅੱਗ ਅੱਗੇ, ਸਿੱਖ ਲਹਿਰ ਨੇ ਆਪਣੀ ਛਾਤੀ ਡਾਹ ਦਿੱਤੀ ਸੀ। ਇਸ ਲਲਕਾਰ ਦੀ ਗੂੰਜ ਪੂਰੇ ਮੁਲਕ ਵਿਚ ਸੁਣਾਈ ਦਿੱਤੀ ਸੀ। ਇਸ ਨਾਲ ਮੁਗ਼ਲ ਹਕੂਮਤ ਆਪਣੀ ਮੁੱਛ ਨੀਵੀਂ ਹੋ ਗਈ ਮਹਿਸੂਸ ਕਰਨ ਲੱਗੀ, ਜੋ ਹੁਣ ਤਾਂ ਹੀ ਉਤਾਂਹ ਹੋ ਸਕਦੀ ਸੀ ਕਿ ਜਾਂ ਤਾਂ ਸਿੱਖ ਲਹਿਰ ਮੁਗ਼ਲ ਹਕੂਮਤ ਅਤੇ ਹਿੰਦੂਆਂ ਦੇ ਵਿਚਕਾਰੋਂ ਲਾਂਭੇ ਹੋ ਜਾਣ ਦਾ ਐਲਾਨ ਕਰੇ ਤੇ ਜਾਂ ਭੈਭੀਤ ਹੋ ਕੇ ਮੁਗ਼ਲ ਹਕੂਮਤ ਦੀ ਈਨ ਮੰਨ ਲਵੇ ਅਤੇ ਉਸ ਦੇ ਕਦਮਾਂ ਵਿਚ ਢਹਿ ਪਵੇ। ਭਾਵੇਂ 'ਬਾਂਹ ਜਿਨਾਂ ਕੀ ਪਕੜੀਐ ਸਿਰ ਦੀਜੇ ਬਾਂਹ ਨ ਛੋਡੀਐ' ਦੇ ਸਿਧਾਂਤ ਦੀ ਧਾਰਨੀ ਸਿੱਖ ਲਹਿਰ ਤੋਂ ਇਨ੍ਹਾਂ 'ਚੋਂ ਕੋਈ ਵੀ ਉਮੀਦ ਰੱਖਣੀ ਮੂਰਖਤਾ ਸੀ, ਪਰ ਬੁੱਤ-ਸ਼ਿਕਨ ਹੋਣ ਦੀ ਸਿਧਾਂਤਕ ਸਾਂਝ ਦੇ ਵਾਸਤੇ ਪਾ ਕੇ ਲਾਂਭੇ ਹੋ ਜਾਣ ਦੀਆਂ ਅਪੀਲਾਂ ਗੁਰੂ ਸਾਹਿਬ ਨੂੰ ਕਰਕੇ ਮੁਗ਼ਲ ਹਕੂਮਤ ਨੇ ਯਤਨ ਬਹੁਤ ਕੀਤਾ। ਇਸ ਵਿਚ ਹਕੂਮਤ ਸਫ਼ਲ ਨਾ ਹੋ ਸਕੀ ਤੇ ਟੱਕਰ ਸ਼ੁਰੂ ਹੋ ਗਈ।

'ਬਾਬਰ ਕਿਆਂ' ਅਤੇ 'ਬਾਬੇ ਕਿਆਂ' ਦਾ ਇਕ ਵਾਰ ਫਿਰ ਆਹਮੋ-ਸਾਹਮਣੀ ਟੱਕਰ ਲਈ ਨਿੱਤਰ ਪੈਣਾ, ਮੁਗ਼ਲ ਹਕੂਮਤ ਦਾ ਹਰ ਇਕ ਦੂਰਅੰਦੇਸ਼ ਖ਼ੈਰ-ਖ਼ਾਹ ਮੁਗ਼ਲ ਹਕੂਮਤ ਲਈ ਚੰਗਾ ਨਹੀਂ ਸੀ ਸਮਝਦਾ। ਉਹ ਹਰ ਹੀਲੇ ਇਸ ਟੱਕਰ ਨੂੰ ਟਾਲਣਾ ਤਾਂ ਚਾਹੁੰਦਾ ਸੀ, ਐਪਰ ਮੁਗ਼ਲ ਹਕੂਮਤ ਦੀ ਮੁੱਛ ਉੱਚੀ ਰੱਖ ਕੇ। ਅਰਥਾਤ ਅਜਿਹਾ ਹਰ ਸ਼ਖ਼ਸ ਅਖੀਰ ਤਕ ਗੁਰੂ ਸਾਹਿਬ 'ਤੇ ਹੀ ਇਸ ਟੱਕਰ ਨੂੰ ਟਾਲਣ ਲਈ ਜ਼ੋਰ ਪਾਉਂਦਾ ਰਿਹਾ ਕਿ ਉਹ ਆਪਣਾ ਐਲਾਨ ਵਾਪਸ ਲੈ ਕੇ ਹਕੂਮਤ ਅਤੇ ਹਿੰਦੂਆਂ ਵਿਚੋਂ ਲਾਂਭੇ ਹੋ ਜਾਣ, ਪਰ ਗੁਰੂ ਜੀ ਆਪਣੀਆਂ ਅਕੱਟ ਦਲੀਲਾਂ ਰਾਹੀਂ ਇਹ ਸਾਬਤ ਕਰਦੇ ਰਹੇ ਕਿ ਇਸ ਟੱਕਰ ਨੂੰ ਟਾਲਣਾ ਔਰੰਗਜ਼ੇਬ ਦੇ ਹੱਥ ਹੈ। ਸਭ ਤੋਂ ਅਖੀਰ 'ਤੇ ਜੱਲਾਦ ਦੀ ਬੇਨਤੀ ਉਪਰੰਤ ਜੱਲਾਦ ਨਾਲ ਹੁੰਦੀ ਗੱਲਬਾਤ ਨੂੰ ਇਕ ਸ਼ਾਇਰ ਨੇ ਬੜੇ ਸੁੰਦਰ ਸ਼ਬਦਾਂ ਵਿਚ ਇਉਂ ਬਿਆਨ ਕੀਤਾ ਹੈ:

**ਜਾ ਕੇ ਆਖ ਔਰੰਗੇ ਨੂੰ ਭਲੇ ਲੋਕਾ !**
**ਜਿਹਨੂੰ ਜਿੱਤਣੈ ਜਿੱਤ ਪਿਆਰ ਦੇ ਨਾਲ।**
**ਕਦੋਂ ਕਹਿੰਦਾ ਕੁਰਾਨ ਕਿ ਹਿੰਦੂਆਂ ਨੂੰ**
**ਮੁਸਲਮਾਨ ਬਣਾਓ ਤਲਵਾਰ ਦੇ ਨਾਲ ?**
**ਅੱਗੋਂ ਕਿਹਾ ਜੱਲਾਦ ਓ ਗੁਰੂ ਬਾਵਾ,**
**ਇਹ ਕੀ ਮੁਖ 'ਚੋਂ ਸ਼ਬਦ ਅਲਾਅ ਰਿਹਾ ਏਂ ?**
**ਜਾਣੀ ਜਾਣ ਹੈਂ, ਜ਼ਿਦ ਨੂੰ ਜਾਣ ਵੀ ਦੇਹ**
**ਕਾਹਨੂੰ ਜਾਣ ਕੇ ਜਾਨ ਗੁਆ ਰਿਹਾ ਏਂ ?**
**ਆਖੇ ਲੱਗ ਕੇ ਇਨ੍ਹਾਂ ਬ੍ਰਾਹਮਣਾਂ ਦੇ**
**ਰੌਲਾ ਜੜ੍ਹੇ ਜਨੇਊਆਂ ਦਾ ਪਾ ਰਿਹਾ ਏਂ।**

**ਇਨ੍ਹਾਂ ਵਕਤ ਕਟਾਉਣਾ ਨਹੀਂ ਕੋਈ ਤੇਰਾ**
**ਜਿਨ੍ਹਾਂ ਵਾਸਤੇ ਸੀਸ ਕਟਾ ਰਿਹਾ ਏਂ।**
**(ਚਰਨ ਸਿੰਘ ਸਫਰੀ)**

ਔਰੰਗਜ਼ੇਬ ਨੇ ਜ਼ਿੱਦ ਨਾ ਛੱਡੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਾਂਤਮਈ ਸ਼ਹਾਦਤ ਦੇ ਨਾਲ ਸਿੱਖ ਲਹਿਰ ਅਤੇ ਮੁਗ਼ਲਸ਼ਾਹੀ ਦੀ ਲਹੂ-ਡੋਲ੍ਹਵੀਂ ਟੱਕਰ ਸ਼ੁਰੂ ਹੋ ਗਈ। ਔਰੰਗਜ਼ੇਬ ਹਰ ਹਾਲ ਵਿਚ ਇਸ ਟੱਕਰ ਵਿਚ ਜੇਤੂ ਹੋ ਕੇ ਨਿਕਲਣ ਲਈ ਬੇਤਾਬ ਸੀ। ਉਸ ਦੀ ਜਿੱਤ ਇਸ ਵਿਚ ਨਹੀਂ ਸੀ ਕਿ ਉਹ ਕਿੰਨੇ ਸਿੱਖਾਂ ਦੇ ਸਿਰ ਕੱਟਦਾ ਹੈ, ਬਲਕਿ ਉਸ ਦੀ ਜਿੱਤ ਇਸ ਵਿਚ ਸੀ ਕਿ ਉਹ ਸਿੱਖ ਲਹਿਰ ਨੂੰ ਈਨ ਮੰਨਵਾ ਕੇ ਉਸ ਨੂੰ ਆਪਣੇ ਰਸਤੇ ਵਿਚੋਂ ਹਟ ਜਾਣ 'ਤੇ ਮਜ਼ਬੂਰ ਕਰ ਦੇਵੇ।

ਇੱਧਰ ਗੁਰੂ ਤੇਗ ਬਹਾਦਰ ਜੀ ਦੀ ਸ਼ਾਂਤਮਈ ਸ਼ਹਾਦਤ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਲਹਿਰ ਦੀ ਅਗਵਾਈ ਸੰਭਾਲਦਿਆਂ ਹੀ ਹਥਿਆਰਬੰਦ ਮੋਰਚੇ ਸੰਭਾਲ ਕੇ ਤਲਵਾਰ, ਘੋੜੇ ਅਤੇ ਬਾਜ਼, ਗੈਰ-ਮੁਸਲਮਾਨਾਂ ਲਈ ਵਰਜਿਤ ਕਰਾਰ ਦੇਣ ਵਾਲੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਮੁਗ਼ਲ ਹਕੂਮਤ ਨੂੰ ਰੱਦ ਕਰ ਦਿੱਤਾ ਅਤੇ ਤੂਫ਼ਾਨਾਂ ਵਰਗੇ ਹਰ ਮੁਗਲਈ ਹੱਲੇ ਨੂੰ ਚਟਾਨ ਬਣ ਕੇ ਰੋਕਿਆ।

ਇਸ ਲਹੂ-ਡੋਲ੍ਹਵੀਂ ਟੱਕਰ ਵਿਚ ਔਰੰਗਜ਼ੇਬ ਆਪਣਾ ਵੀ ਕਾਫ਼ੀ ਨੁਕਸਾਨ ਕਰਵਾ ਕੇ ਭਾਵੇਂ ਹਜ਼ਾਰਾਂ ਸਿੱਖਾਂ ਦੇ ਸਿਰ ਕੱਟਣ ਵਿਚ ਸਫ਼ਲ ਹੋ ਗਿਆ ਪਰ ਇਕ ਵੀ ਸਿੱਖ ਦੇ ਸਿਰ ਨੂੰ ਆਪਣੇ ਤਖ਼ਤ ਦੇ ਸਾਹਵੇਂ ਝੁਕਣ 'ਤੇ ਮਜ਼ਬੂਰ ਨਾ ਕਰ ਸਕਿਆ। ਇਥੋਂ ਤਕ ਕਿ ਔਰੰਗਜ਼ੇਬ ਦੀ ਝੁੰਜਲਾਹਟ ਭਰੀ ਜ਼ਿਦ ਸਮੁੱਚੀ ਸਿੱਖ ਲਹਿਰ ਦਾ ਸਿਰ ਝੁਕਾਉਣ ਦੀ ਬਜਾਇ ਕਿਸੇ ਮਹੱਤਵਪੂਰਨ ਸਿੱਖ ਦਾ ਹੀ ਸਿਰ ਝੁਕਾ ਲੈਣ 'ਤੇ ਆ ਡਿੱਗੀ। ਪਰ ਕਿਸ ਦਾ ਸਿਰ? ਸਿੰਘ ਤਾਂ ਰਣ-ਤੱਤੇ ਵਿਚ ਜੂਝਦੇ ਹੋਏ, ਪਤੰਗਿਆਂ ਵਾਂਗ ਧਰਮ ਦੀ ਸ਼ਮ੍ਹਾ 'ਤੇ ਸੜ੍ਹ ਰਹੇ ਸਨ। ਇਥੋਂ ਤਕ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਦੋ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਵੀ ਚਮਕੌਰ ਦੇ ਮੈਦਾਨ ਵਿਚ ਤੇਗ਼ਾਂ ਦੇ ਜੌਹਰ ਵਿਖਾਉਂਦੇ ਹੋਏ ਵੀਰਗਤੀ ਨੂੰ ਪ੍ਰਾਪਤ ਹੋ ਗਏ।

ਮੁਗ਼ਲ ਹਕੂਮਤ ਲਈ ਆਸ ਦੀ ਇਕ ਕਿਰਨ ਉਦੋਂ ਜਾਗੀ, ਜਦੋਂ ਗੰਗੂ ਬ੍ਰਾਹਮਣ ਦੀ ਅਕ੍ਰਿਤਘਣਤਾ ਕਾਰਨ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਜ਼ਿੰਦਾ ਗ੍ਰਿਫ਼ਤਾਰ ਕਰ ਲਏ ਗਏ। ਹਾਕਮਾਂ ਨੂੰ ਜਾਪਿਆ ਕਿ ਇਕ ਬਜ਼ੁਰਗ ਔਰਤ, ਸੱਤ ਸਾਲ ਤੇ ਨੌਂ ਸਾਲ ਦੇ ਬਾਲਕਾਂ ਤੋਂ ਈਨ ਮੰਨਵਾ ਲੈਣੀ ਕੋਈ ਮੁਸ਼ਕਲ ਗੱਲ ਨਹੀਂ, ਜਿਸ ਨਾਲ ਮੁੱਛ ਉੱਚੀ ਕਰਕੇ ਜਿੱਤ ਦਾ ਦਾਅਵਾ ਕੀਤਾ ਜਾ ਸਕਦਾ ਸੀ। ਪਰ ਕਮਜ਼ੋਰ ਅਤੇ ਮਾਸੂਮ ਜਾਪਦੀਆਂ ਇਨ੍ਹਾਂ ਤਿੰਨ ਜਿੰਦੜੀਆਂ ਨਾਲ ਸਾਹਮਣਾ ਹੋਣ ਤੋਂ ਥੋੜ੍ਹੇ ਚਿਰ ਪਿੱਛੋਂ ਹੀ ਹਾਕਮਾਂ ਨੂੰ ਸਮਝ ਆ ਗਈ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ ਪੋਤਿਆਂ ਦੇ ਸਿੱਖੀ ਸਿੱਦਕ ਦੇ ਬਾਰੇ ਉਹ ਗਲਤ ਅੰਦਾਜ਼ਾ ਲਾ ਬੈਠੇ ਸਨ। ਦੁਨੀਆਂ ਦਾ ਹਰ ਤਰ੍ਹਾਂ ਦਾ ਲਾਲਚ ਅਤੇ ਡਰ ਜਦੋਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਅਕੀਦੇ ਅਤੇ ਸਿੱਦਕ ਤੋਂ ਡੁਲ੍ਹਾ ਨਾ ਸਕਿਆ ਤਾਂ ਗੁੱਸੇ ਵਿਚ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਹੀ ਨੀਹਾਂ ਵਿਚ ਚਿਣ ਦਿੱਤੇ ਜਾਣ ਦਾ ਫ਼ਤਵਾ ਜਾਰੀ ਕੀਤਾ ਗਿਆ। ਫਿਰ ਵੀ ਕੰਧ ਦੀ ਚਿਣਾਈ ਸ਼ੁਰੂ ਹੋ ਜਾਣ ਤਕ ਸਾਹਿਬਜ਼ਾਦਿਆਂ ਨੂੰ ਮਨਾਉਣ ਦੇ ਯਤਨ ਜਾਰੀ ਰਹੇ। ਸ: ਚਰਨ ਸਿੰਘ ਸਫਰੀ ਦੇ ਅਨੁਸਾਰ:

**ਜੱਲਾਦ ਬੱਝਾ ਹੁਕਮ ਦਾ,**
**ਇੱਟਾਂ ਚਿਣਨ ਤਾਂ ਲੱਗ ਪਿਆ।**
**ਪਰ ਫ਼ਤਹਿ ਸਿੰਘ ਵੱਲ ਵੇਖ ਕੇ,**
**ਅੱਖਾਂ 'ਚੋਂ ਪਾਣੀ ਵਗ ਪਿਆ।**
**ਤੇ ਬੋਲਿਆ ਓ ਬੱਚਿਓ,**
**ਅਨਿਆਈ ਮੌਤੇ ਮਰਦਿਓ।**
**ਕੀ ਹੈ ਤੁਹਾਡਾ ਵਿਗੜਦਾ?**
**ਇਕ ਵਾਰ ਸਿਜਦਾ ਕਰ ਦਿਓ।**
**ਕੁਝ ਖ਼ੌਫ਼ ਖਾਵੋ ਮੌਤ ਦਾ, ਗੱਲ ਮੰਨ ਲਓ ਸ਼ਰੀਕ ਦੀ।**
**ਬੈਠੀ ਕਲੇਜਾ ਪਕੜ ਕੇ, ਹੋਵੇਗੀ ਮਾਂ ਉਡੀਕਦੀ।**
**ਤਾਂ ਸਾਹਿਬਜ਼ਾਦਿਆਂ ਬੋਲਿਆ,**
**ਸੁਣ ਓ ਜੱਲਾਦਾ ਭੋਲਿਆ!**
**ਤੂੰ ਕਾਰ ਆਪਣੀ ਕਰੀ ਜਾ,**
**ਦਿਲ ਕਾਸ ਨੂੰ ਹੈ ਡੋਲਿਆ?**
**ਸਾਡੇ ਤਾਂ ਘਰ ਵਿਚ ਖ਼ੁਸ਼ੀ ਏ,**
**ਤੇ ਸੋਗ ਦਾ ਕੋਈ ਨਾਂ ਨਹੀਂ।**
**ਬੈਠੇ ਕਲੇਜਾ ਥੰਮ ਕੇ, ਸਾਡੀ ਇਹੋ ਜਿਹੀ ਮਾਂ ਨਹੀਂ।**

ਸੱਤ ਅਤੇ ਨੌਂ ਸਾਲ ਦੇ ਇਨ੍ਹਾਂ ਮਰਜੀਵੜਿਆਂ ਦੀ ਅਦੁੱਤੀ ਸ਼ਹਾਦਤ ਨੇ ਜਿੱਤ ਅਤੇ ਹਾਰ ਦਾ ਫੈਸਲਾ ਹੀ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਜਿੱਤ ਦੀ ਚਿੱਠੀ ਜ਼ਫ਼ਰਨਾਮਾ (ਫ਼ਤਹਿਨਾਮਾ) ਭੇਜੀ, ਜਿਸ ਨੂੰ ਪੜ੍ਹਨ ਪਿੱਛੋਂ ਉਹ ਦੁਨੀਆਂ ਤੋਂ ਹੀ ਕੂਚ ਕਰ ਗਿਆ। ਇਹ ਦੁਨੀਆਂ ਦੀ ਪਹਿਲੀ ਮਨੁੱਖੀ ਹੱਕਾਂ ਦੀ ਜ਼ੁਲਮ ਉਪਰ ਜਿੱਤ ਸੀ। ਇੱਕ ਇਨਕਲਾਬੀ ਸ਼ਾਇਰ ਨੇ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਆਪਣਾ ਸਤਿਕਾਰ ਇਸ ਤਰ੍ਹਾਂ ਪ੍ਰਗਟ ਕੀਤਾ ਹੈ:

**"ਜਿਹਦੇ ਅੰਮ੍ਰਿਤ ਦੀ ਇਕ ਛਿੱਟ ਨੇ,**
**ਤੁੜਾਏ ਬਾਜ਼ ਚਿੜੀਆਂ ਤੋਂ,**
**ਮੈਂ ਉਸ ਦੀ ਪਾਹੁਲ ਖੰਡੇਧਾਰ ਨੂੰ ਪ੍ਰਣਾਮ ਕਰਦਾ ਹਾਂ।**
**ਝੁਕਾਈ ਧੌਣ ਸੀ ਜਿਸ ਸ਼ੇਰ ਨੇ ਜ਼ਾਲਮ ਹਕੂਮਤ ਦੀ,**
**ਮੈਂ ਕਲਗੀ ਵਾਲੜੇ ਸਰਦਾਰ ਨੂੰ ਪ੍ਰਣਾਮ ਕਰਦਾ ਹਾਂ।**
**ਸਿਖਾਇਆ ਜ਼ਿੰਦਗੀ ਨੂੰ ਨੱਚਣਾ**
**ਤਲਵਾਰ 'ਤੇ ਜਿਸ ਨੇ,**
**ਮੈਂ ਉਸ ਬਾਗ਼ੀ ਦੀ ਉਸ ਵੰਗਾਰ ਨੂੰ**
**ਪ੍ਰਣਾਮ ਕਰਦਾ ਹਾਂ।**
**ਜਿਹੜੇ ਘੋੜੇ ਦੀਆਂ ਟਾਪਾਂ ਨਾਲ**
**ਕੰਬਿਆ ਤਖ਼ਤ ਦਿੱਲੀ ਦਾ,**
**ਮੈਂ ਉਸ ਨੀਲੇ ਦੇ ਸ਼ਾਹ-ਅਸਵਾਰ ਨੂੰ ਪ੍ਰਣਾਮ ਕਰਦਾ ਹਾਂ।**
**ਮਿਰਾ ਸਿਰ ਖ਼ੁਦ-ਬ-ਖ਼ੁਦ ਚਮਕੌਰ ਦੀ**
**ਧਰਤੀ 'ਤੇ ਝੁਕਦਾ ਹੈ,**
**ਮੈਂ ਉਸ ਸਰਹੰਦ ਦੀ ਦੀਵਾਰ ਨੂੰ ਪ੍ਰਣਾਮ ਕਰਦਾ ਹਾਂ।**
**(ਜਸਵੰਤ ਸਿੰਘ ਕੈਲਵੀ ਦੀ ਗਜ਼ਲ ਵਿਚੋਂ)**

ਕੋਈ ਸ਼ੱਕ ਨਹੀਂ ਕਿ ਚਮਕੌਰ ਅਤੇ ਸਰਹੰਦ ਦੀ ਧਰਤੀ 'ਤੇ ਅੱਜ ਇਕ ਨਹੀਂ ਬਲਕਿ ਹਜ਼ਾਰਾਂ ਲੱਖਾਂ ਸਿਰ ਝੁਕਦੇ ਹਨ। ਦਸੰਬਰ ਦੇ ਮਹੀਨੇ ਜਦੋਂ ਇਨ੍ਹਾਂ ਦੋਹਾਂ ਥਾਵਾਂ 'ਤੇ ਸ਼ਹੀਦੀ ਜੋੜ-ਮੇਲੇ ਲਗਦੇ ਹਨ ਤਾਂ ਉਸ ਵਿਚ ਲੱਖਾਂ ਸਿਰ ਹੁੰਦੇ ਹਨ, ਜਿਹੜੇ ਇਨ੍ਹਾਂ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਪਰੰਤ ਗੁਰੂ ਸਾਹਿਬ ਵਲੋਂ ਕਹੇ ਗਏ ਇਨ੍ਹਾਂ ਸ਼ਬਦਾਂ ਕਿ 'ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ' ਵਿਚਲੇ 'ਕਈ ਹਜ਼ਾਰ' ਵਿਚ ਖ਼ੁਦ ਦੀ ਗਿਣਤੀ ਕਰਕੇ ਫ਼ਖ਼ਰ ਮਹਿਸੂਸ ਕਰਦੇ ਹਨ। ਪਰ ਕੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ਼ਾਰੇ ਵਾਲੇ 'ਜੀਵਤ ਕਈ ਹਜ਼ਾਰ' ਵਿਚ ਸ਼ਾਮਲ ਹੋਣਾ ਇੰਨਾ ਅਸਾਨ ਹੈ? ਇਤਿਹਾਸ ਦੇ ਪੰਨਿਆਂ ਵਿਚੋਂ ਇਸ ਸਵਾਲ ਦਾ ਜਵਾਬ ਲੱਭਣ ਦੀ ਕਿੰਨੇ ਕੁ ਸਿੱਖਾਂ ਨੇ ਕੋਸ਼ਿਸ਼ ਕੀਤੀ ਹੈ?

ਬਿਨਾਂ ਸ਼ੱਕ ਇਤਿਹਾਸ ਦੇ ਇਹ ਲਹੂ-ਭਿੱਜੇ ਪੰਨੇ, ਦਰਸ਼ਕਾਂ ਵਾਂਗ ਦੂਰ ਖਲੋਤੇ ਸਿੱਖਾਂ ਦੀ ਵਾਹ-ਵਾਹ ਦੇ ਅਭਿਲਾਸ਼ੀ ਨਹੀਂ। ਨਾ ਹੀ ਇਹ ਅਜਿਹੀ ਮਨੋਰੰਜਕ ਕਹਾਣੀ ਹੈ, ਜਿਸ ਉਪਰ ਅੱਜ ਦੇ ਸਿੱਖ ਹਕੀਕਤ ਦੇ ਪਿਛਵਾੜੇ ਇਕ ਸਟੇਜੀ ਨਾਟਕ ਖੇਡਣ ਤੇ ਫਿਰ ਘੂਕ ਸੌਂ ਜਾਣ। ਇਹ ਇਤਿਹਾਸ ਸਿਰਜਣ ਵਾਲਿਆਂ ਨੇ ਸਿੱਖ ਲਹਿਰ ਲਈ ਇਕ ਚਾਨਣ-ਮੁਨਾਰਾ ਕਾਇਮ ਕੀਤਾ ਹੈ ਤਾਂ ਜੋ ਖੰਡੇਧਾਰ ਮਾਰਗ ਸਿੱਖਾਂ ਨੂੰ ਦਿਸਦਾ ਰਹੇ। ਇਸ ਕਠਿਨ ਮਾਰਗ 'ਤੇ ਪੈਰ ਰੱਖ ਕੇ ਉਸ ਚਾਨਣ ਮੁਨਾਰੇ ਦੀ ਸੇਧ ਵੱਲ ਤੁਰ ਪੈਣ ਵਾਲਾ ਹਰ ਸਿੱਖ ਹੀ 'ਜੀਵਤ ਕਈ ਹਜ਼ਾਰ' ਵਿਚ ਸ਼ੁਮਾਰ ਕੀਤੇ ਜਾਣ ਦਾ ਸਹੀ ਹੱਕਦਾਰ ਹੈ।

***ਮੁੱਖ ਸੰਪਾਦਕ 'ਵੰਗਾਰ, ਫ਼ੋਨ : # ੯੮੫੫੯ ੩੧੨੮੪**

Postal Registration No.CHD/0178/2015-2017

